ਮਾਸਕ ਪੱਤਰ

ੴ


ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਅੰਮ੍ਰਿਤਸਰ

## ਗੁਰਦੁਆਰਾ ਬੰਗਲਾ ਸਾਹਿਬ, ਦਿੱਲੀ

ਅਕਤੂਬਰ ੧੯੮੭



OCT 1987

ਅਖੰਡ ਕੀਰਤਨੀ ਜਥਿਆਂ ਵਲੋਂ

ਦੁਸਹਿਰੇ ਸਮੇਂ ਇਥੇ ਕੀਰਤਨ ਸਮਾਗਮ ਹੋ ਰਹੇ ਹਨ। ਪ੍ਰੋਗਰਾਮ ਸਤੰਬਰ 'ਸੂਰਾ' ਵਿਚ ਵੇਖੋ।

www.AKJ.Org

# ਤਤਕਰਾ


| | | | |
|---|---|---|---|
| ਇਕਾ ਬਾਣੀ ਇਕੁ ਗੁਰੁ | | ੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਸ਼ਬਦ-ਸੁਰਤ ਦੀ ਸੱਚੀ ਯੋਗ ਸਾਧਨਾ | | ੪ | ,, ,, ,, |
| ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਤੇ ਆਦਰਸ਼ | | ੭ | ਪ੍ਰੋਫੈਸਰ ਜੋਗਿੰਦਰ ਸਿੰਘ ਜੀ |
| ਸਭ ਊਪਰਿ ਨਾਮੁ | | ੯ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਘਰ ਫੁੱਟਾ ਦਹਿਸਿਰ ਮਾਰਿਆ | | ੧੧ | ਭਾਈ ਮੋਹਨ ਸਿੰਘ ਜੀ ਵੈਦ |
| ਧਰਮੀ ਫੌਜੀਆਂ ਤੇ ਬਲਿਊ ਸਟਾਰ ਕੈਦੀਆਂ ਦਾ ਮਾਮਲਾ | | ੧੪ | ਪ੍ਰਿੰਸੀਪਲ ਨਾਹਰ ਸਿੰਘ ਜੀ |
| ਮਿਸ਼ਰਾ ਕਮਿਸ਼ਨ ਦੀ ਕਾਰਗੁਜ਼ਾਰੀ | | ੧੬ | ਸ: ਨਰੈਣ ਸਿੰਘ ਜੀ ਐਮ. ਏ, |
| ਨਾ ਕੋ ਬੈਰੀ ਨਹੀ ਬਿਗਾਨਾ | | ੨੦ | ,, ,, ,, |
| ਤੱਤ ਵਸਤੂ ਗੁਰੂ ਘਰ ਵਿਚ ਹੀ ਹੈ | | ੨੪ | ਸਵਾਮੀ ਨਿਤਯਾ ਨੰਦ ਜੀ |
| ਰਾਣੀ ਸਦਾ ਕੌਰ | | ੨੬ | ਸ: ਵਰਿਆਮ ਸਿੰਘ ਜੀ |
| ਗੁਰੂ ਗੋਬਿੰਦ ਸਿੰਘ ਜੀ ਦੇ ਤੀਰ | | ੨੯ | ਪ੍ਰੋਫੈਸਰ ਪਿਆਰਾ ਸਿੰਘ ਜੀ ਪਦਮ |
| ਖਾਲਸੇ ਦੀ ਪ੍ਰੀਖਿਆ | (ਕਵਿਤਾ) | ੩੧ | ਗਿ: ਗੋਪਾਲ ਸਿੰਘ ਜੀ ਮਿੱਤਰ |
| ਬੇ-ਇਤਫਾਕੀ ਦੀ ਜਾਗ ਨਾ ਲਾ ਸਿੰਘਾ | (ਕਵਿਤਾ) | ੩੨ | ਸ: ਸੰਤਾ ਸਿੰਘ ਜੀ ਆਜਿਜ਼ |
| ਦਰਸ ਮਹਿਬੂਬ ਦਾ ਕਰ ਕੇ | (ਕਵਿਤਾ) | ੩੩ | ਸ: ਉਜਾਗਰ ਸਿੰਘ ਜੀ ਉਲਫਤ |
| ਕਰਮ ਅਤੇ ਧਰਮ | | ੩੪ | ਡਾ: ਅਮਰੀਕ ਸਿੰਘ ਜੀ ਚੀਮਾ |


ਸ੍ਰੀ ਗੁਰੂ ਰਾਮਦਾਸ ਜੀ ਪ੍ਰਕਾਸ਼-ਦਿਵਸ ੮ ਅਕਤੂਬਰ

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਗੁਰਿਆਈ ੧੬ ਅਕਤੂਬਰ — ਸ੍ਰੀ ਗੁਰੂ ਗ੍ਰੰਥ ਸਾਹਿਬ ਗਦੀ ਨੰਦੇੜ ੨੪ ਅਕਤੂਬਰ

ਸ੍ਰੀ ਗੁਰੂ ਹਰਿਰਾਏ ਸਾਹਿਬ ਜੋਤੀ ਜੋਤਿ ੧੬ ਅਕਤੂਬਰ — ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤਿ ੨੭ ਅਕਤੂਬਰ

ਕੈਪਟਨ ਸਵਰਨ ਸਿੰਘ ਜੀ ਸਿਹਤ ਦੀ ਖ਼ਰਾਬੀ ਕਰਕੇ ਤਿੰਨ ਮਹੀਨੇ ਤੋਂ ਆਪਣਾ ਚਲਦਾ ਲੇਖ 'ਪਹਿਲਾ ਘਲੂਘਾਰਾ' ਨਹੀਂ ਭੇਜ ਸਕੇ । ਸਤਿਗੁਰੂ ਸੇਵਕ ਨੂੰ ਸਹਾਈ ਹੋਣ ਤੇ ਸਿਹਤਯਾਬੀ ਬਖਸ਼ਣ ।

## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | |
|---|---|---|
| ਬੀਬੀ ਸੁਰਜੀਤ ਕੌਰ ਅੰਮ੍ਰਿਤਸਰ | ਪੋਤਰੇ ਦੇ ਜਨਮ ਦੀ ਖੁਸ਼ੀ ਵਿਚ | ੧੧-੦੦ |
| ਸ: ਗੁਰਦਿਆਲ ਸਿੰਘ ਕਾਨਪੁਰੀ, ਲੁਧਿਆਣਾ | ਮਾਤਾ ਜੀ ਦੀ ਅੰਤਮ ਯਾਦ ਵਿਚ | ੫੧-੦੦ |
| ਖਾਲਸਾ ਫੈਨਸੀ ਸਟੋਰ, ਆਦਮਪੁਰ | 'ਸੂਰਾ' ਦੀ ਚੜ੍ਹਦੀ ਕਲਾ ਲਈ | ੫੧-੦੦ |
| ਪ੍ਰੋਫੈਸਰ ਹਰਨਾਮ ਸਿੰਘ ਨਵੀਂ ਦਿਲੀ | ਸਪੁਤਰ ਗੁਰਮੋਹਨ ਸਿੰਘ ਦੀ ਅੰਤਮ ਯਾਦ ਵਿਚ | ੫੦-੦੦ |

## ਸ੍ਰੀ ਅੰਮ੍ਰਿਤਸਰ ਵਿਖੇ ਹਫਤੇਵਾਰ ਐਤਵਾਰ ਦੇ ਕੀਰਤਨ ਪ੍ਰੋਗਰਾਮ (ਸਵੇਰੇ ੬ ਤੋਂ ੧੦-੩੦)

੧੧ ਅਕਤੂਬਰ ਭਾਈ ਇੰਦਰਜੀਤ ਸਿੰਘ, ੫੩੭/੮ ਇਸਲਾਮਾਬਾਦ, ਨੇੜੇ ਕਬਰਿਸਤਾਨ, ਸਾਹਮਣੇ ਮਸੀਤ
੧੮ ,, ਭਾਈ ਇੰਦਰਜੀਤ ਸਿੰਘ ਕਿਰਪਾਨਾਂ ਵਾਲੇ ਵਲੋਂ ਗੁਰਦਵਾਰਾ ਬੀੜ ਬਾਬਾ ਬੁਢਾ ਜੀ ਸਾਹਿਬ
੨੫ ,, ਭਾਈ ਨਰਿੰਦਰ ਸਿੰਘ ਪ੍ਰੇਮੀ ਵਲੋਂ ਗੁ: ਸ਼ਹੀਦ ਬਾ: ਪ੍ਰਤਾਪ ਸਿੰਘ, ਗੁਰੂ ਨਾਨਕਪੁਰਾ, ਕੋਟ ਬਾ: ਦੀਪ ਸਿੰਘ
੧ ਨਵੰਬਰ ਭਾਈ ਸੁਰਿੰਦਰ ਸਿੰਘ ਟੈਲੀਫੋਨ ਵਾਲੇ, ੪੬੪੪/੧੮ਸ਼ਾਸਤ੍ਰੀ ਨਗਰ,ਸਾਮ੍ਹਣੇ ਚਕੀ,ਮਜੀਠਾ ਰੋਡ ਗੁਰਦਵਾਰਾ ਗਲੀ
੬ ਨਵੰਬਰ ਸ੍ਰੀ ਗੁਰੂ ਰਾਮਦਾਸ ਜੀ ਪ੍ਰਕਾਸ਼ ਉਤਸ਼ਵ ਦੇ ਸੰਬੰਧ ਵਿਚ ਕੀਰਤਨ ਸ੍ਰੀ ਬਿਬੇਕਸਰ (ਸਵੇਰੇ ੫-੩੦ ਤੋਂ ੮)

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੋੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧-੧੦-੮੭ ਨੂੰ ਪ੍ਰਕਾਸ਼ਤ ਕੀਤਾ ।

ਟੈਲੀਫੋਨ ਨੰਬਰ : 51847 ਘਰ 43094

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ੴ ਵਾਹਿਗੁਰੂ ਜੀ ਕੀ ਫਤਹਿ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

ਸਾਲਾਨਾ ਚੰਦਾ

ਦੇਸ ੧੫-੦੦
ਇਕ ਪਰਚਾ ੧-੫੦

**ਪਰਦੇਸ (ਸਾਰੇ ਦੇਸ਼)**
ਸਾਲਾਨਾ ਚੰਦਾ

ਸਮੁੰਦਰੀ ਡਾਕ ੪੦-੦੦
ਹਵਾਈ ਡਾਕ ੧੦੦-੦੦

Foreign Subscriptiption
Sea Mail 40-00
Air Mail 100-00

ਅਮਾਨਤੀ
ਲਾਈਫ਼ ਮੈਂਬਰ

ਦੇਸ ੧੫੦-੦੦
ਪਰਦੇਸ (ਸਾਰੇ ਦੇਸ)
ਸਮੁੰਦਰੀ ਡਾਕ ੪੦੦-੦੦
ਹਵਾਈ ਡਾਕ ੧੦੦੦-੦੦

**ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੨੧ ਅਕਤੂਬਰ ੧੯੮੭ ਅੰਕ ੧੦


## ਇਕਾ ਬਾਣੀ ਇਕੁ ਗੁਰੁ

ਸਤਿਗੁਰੂ ਨਾਨਕ ਸਾਹਿਬ ਦੇ ਦਰ ਘਰ ਤੋਂ ਹੀ ਕੇਵਲ ਗੁਰਦੀਖਿਆ ਮਈ ਗੁਰਮੰਤਰ ਮਿਲਦਾ ਹੈ। ਜਿਸ ਨੂੰ ਇਹ ਗੁਰਮੰਤਰ ਪ੍ਰਾਪਤ ਨਹੀਂ, ਉਹ ਨਿਗੁਰਾ ਹੈ। ਤਾਂ ਤੇ ਗੁਰਬਾਣੀ ਦੇ ਆਸ਼ੇ ਅਨੁਸਾਰ ਇਕੋ ਗੁਰੂ ਗ੍ਰੰਥ ਸਾਹਿਬ ਹੀ ਸੱਚੇ ਗੁਰੂ ਹਨ। ਹੋਰ ਸਭ ਕੂੜਾਵੇ ਗੁਰੂ ਬਣੇ ਫਿਰਦੇ ਹਨ ਤੇ ਨਾਮ-ਹੀਣ ਨਕਟ-ਪੰਥੀਏ ਗੁਰੂ ਹਨ। ਇਕੋ ਸੱਚਾ ਗੁਰੂ ਹੈ ਤਾਂ ਸਿਰਫ਼ ਗੁਰੂ ਨਾਨਕ ਸਾਹਿਬ ਹੈ, ਜਿਨ੍ਹਾਂ ਨੂੰ ਧੁਰ ਦਰਗਾਹੋਂ ਗੁਰਿਆਈ ਦਾ ਸੱਚਾ ਪਦ ਪ੍ਰਾਪਤ ਹੋਇਆ ਅਤੇ ਇਸ ਗੁਰ ਪ੍ਰਮਾਣ ਅਨੁਸਾਰ—

ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥
ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ ॥
ਗੁਰ ਕਿਰਪਾ ਤੇ ਪਾਈਅਨਿ ਜੇ ਦੇਵੈ ਦੇਵਣਹਾਰੁ ॥
ਸਚਾ ਸਉਦਾ ਲਾਭੁ ਸਦਾ ਖਟਿਆ ਨਾਮੁ ਅਪਾਰੁ ॥ (੬੪੬)

[ਭਾ: ਸਾ: ਰਣਧੀਰ ਸਿੰਘ ਜੀ ਲਿਖਤ 'ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ 'ਚੋਂ



www.AKJ.Org

# ਸ਼ਬਦ-ਸੁਰਤ ਦੀ ਸੱਚੀ ਯੋਗ ਸਾਧਨਾ

[ ਗੁਰਪੁਰਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ ]

ਇਕ ਸੱਜਨ ਜੀ ਨੇ ਕੁਝ ਪ੍ਰਸ਼ਨ ਤੇ ਉਨ੍ਹਾਂ ਦੇ ਉਤਰ ਲਿਖੇ ਹਨ, ਜਿਵੇਂ : ''ਜਾਪ ਜਾਂ ਸਿਮਰਨ ਵੇਲੇ ਧਿਆਨ ਕਾਹਦਾ ਧਰੀਏ ?'' ਇਸ ਪ੍ਰਸ਼ਨ ਦਾ ਉਤਰ ਆਪ ਇਸ ਪ੍ਰਕਾਰ ਦਿੰਦੇ ਹਨ : ''ਸਿਮਰਨ ਵਿਚ ਤੇ ਅਰਥ ਪਰ ਮਨ ਨੂੰ ਟਿਕਾਣਾ ਪੈਂਦਾ ਹੈ, ਬਿਨਾਂ ਕਿਸੇ ਰੂਪ ਦੀ ਸਹਾਇਤਾ ਦੇ।'' ਪਰ ਆਪ ਨੇ ਇਹ ਨਹੀਂ ਦਸਿਆ ਕਿ ਅਰਥ ਕਾਹਦਾ। ਸਿਮਰਨ ਵਾਲੇ ਸ਼ਬਦ ਦਾ ਧਿਆਨ ਕਰੀਏ ਯਾ ਧੇਯ ਦਾ ? ਪਰ ਨਾਲ ਲਗਦਾ ਹੀ ਇਉਂ ਲਿਖਦੇ ਹਨ ਕਿ ''ਮਨ ਨੂੰ ਇਕਾਗਰ ਕਰਨ ਲਈ ਬਾਣੀ ਦਾ ਪਾਠ, ਜਿਹਦੇ ਵਿਚ ਇਕੋ ਭਾਵ ਘੜੀ ਮੁੜੀ ਵਰਨਣ ਕੀਤਾ ਗਿਆ ਹੈ, ਸਹਾਇਤਾ ਕਰਦਾ ਹੈ। ਤੇ ਕੀਰਤਨ ਵਿਚ ਅਮੋਲਕ ਚੀਜ਼ ਰਾਗ ਹੈ। ਰਾਗ ਦਾ ਅਸਰ ਮਨੁਖੀ ਮਨ ਤੇ ਬਹੁਤ ਹੈ। ਇਹਦੇ ਵਿਚਿ ਮਨ ਨੂੰ ਆਪਣੀ ਵਲ ਖਿੱਚ ਲੈਣ ਦੀ ਸ਼ਕਤੀ ਹੈ। ਇਸ ਲਈ ਬਾਣੀ ਦਾ ਪਾਠ ਅਤੇ ਕੀਰਤਨ, ਸਿਮਰਨ ਦੇ ਰਾਹ ਵ੍ਰਿਚ ਧਾਰਨਾ ਤੇ ਧਿਆਨ ਦਾ ਕੰਮ ਦੇਂਦੇ ਹਨ।'' ਇਹ ਹੈ ਆਪ ਦੀ ਸਿਮਰਨ ਸਮੇਂ ਧਿਆਨ ਦੀ ਜੁਗਤਿ ਵਿਆਖਿਆ।

ਇਹ ਉਨ੍ਹਾਂ ਦੀ ਆਪਣੀ ਮਨ-ਉਕਤਿ ਧਿਆਨ ਜੁਗਤਿ ਵਿਆਖਿਆ ਹੈ। ਕੁਛ ਯੋਗ ਦੀ ਸੁਣੀ ਸੁਣਾਈ ਅਤੇ ਤਿਸੇ ਯੋਗ-ਕਸੌਟੀ ਅਨੁਸਾਰ ਗੁਰਮਤਿ ਸਿਮਰਨ ਦੀ ਧਿਆਨ-ਯੁਕਤੀ ਉਪਰ ਘਟਾਈ ਵਿੰਗੀ ਟੇਢੀ ਵਿਆਖਿਆ ਹੈ।

''ਗੁਰਮਤਿ ਨਾਮ ਦੇ ਅਭਿਆਸ ਨੂੰ ਅਧਿਕ ਤੋਂ ਅਧਿਕ ਦ੍ਰਿੜ੍ਹਾਉਣ ਅਤੇ ਸੁਰਤਿ-ਸ਼ਬਦ ਸੁਆਸ-ਅਭਿਆਸ ਦਾ ਖੰਡਾ ਖੜਕਾਉਣ ਲਈ ਨਿਰਸੰਦੇਹ ਬਾਣੀ ਦਾ ਪਾਠ ਅਤੇ ਕੀਰਤਨ ਅਤਿਅੰਤ ਸਹਾਈ ਹਨ। ਪ੍ਰੰਤੂ ਜਾਪ-ਸਿਮਰਨ ਦੇ ਅਭਿਆਸੀ ਜਨ ਨੂੰ ਹਰ ਸਮੇਂ ਸੁਆਸਿ ਸੁਆਸਿ ਇਹ ਸਹਾਇਤਾ ਨਹੀਂ ਮਿਲ ਸਕਦੀ। ਤਾਂ ਤੇ ਜੇਕਰ ਬਾਣੀ ਦੇ ਪਾਠ ਅਤੇ ਕੀਰਤਨ ਦਾ ਅਵਸਰ ਨ ਬਣੇ ਤਾਂ ਫੇਰ ਆਪ ਦੀ ਧਾਰਨਾ ਅਤੇ ਧਿਆਨ ਦਾ ਕੰਮ ਕਿਕੂੰ ਚਲੂ ? ਜਾਪ-ਸਿਮਰਨ ਤਾਂ ਅਠੇ ਪਹਿਰ ਜਾਰੀ ਰਹਿਣਾ ਹੋਇਆ।''

ਐਸਾ ਜਾਪਦਾ ਹੈ ਕਿ ਆਪ ਦੇ ਖ਼ਿਆਲ ਅੰਦਰਿ ਯੋਗੀ ਜਨਾਂ ਵਾਲੀ ਧਿਆਨ-ਯੁਕਤੀ ਵਾਲਾ ਅਕਸ ਜੰਮਿਆ ਹੋਇਆ ਹੈ, ਕਿਉਂਕਿ ਉਹ ਸਮਾਧੀ ਲਾਉਣ ਲਗੇ ਕੇਵਲ ਕਿੰਚਤ-ਮਾਤਰੀ-ਕਾਲ ਲਈ ਹੀ ਧਿਆਨ ਜੋੜਦੇ ਹਨ ਅਤੇ ਖ਼ਾਸ ਖ਼ਾਸ ਬੱਧੇ ਸਮਿਆਂ ਅੰਦਰ ਹੀ ਧਿਆਨ-ਚਿੱਲਿਆਂ ਵਿਚ ਬੈਠਦੇ ਹਨ। ਸਮਾਧ-ਸਿਧੀ ਪਸਚਾਤ ਤਿਨ੍ਹਾਂ ਨੂੰ ਧਿਆਨ ਜੋੜਨ ਦੀ ਲੋੜ ਨਹੀਂ ਰਹਿੰਦੀ ਤੇ ਪੈਂਦੀ। ਤਿਸ ਕਿੰਚਤ ਮਾਤਰ ਧਿਆਨ-ਕਾਲ ਸਮੇਂ ਯੋਗੀ ਜਨ ਸ਼ਬਦਾਂ ਅਰਥਾਂ ਵਲ ਧਿਆਨ ਜੋੜਦੇ ਹਨ। ਸਜਣ ਜੀ ਨੇ ਏਥੇ ਥੋੜਾ ਵਾਧਾ ਇਹ ਕੀਤਾ ਹੈ ਕਿ ਗੁਰਮਤਿ-ਜਾਪ-ਸਿਮਰਨ ਜੁਗਤੀ ਅਨੁਸਾਰ ਬਾਣੀ ਦਾ ਪਾਠ ਅਤੇ ਕੀਰਤਨ ਭੀ 'ਧਾਰਨਾ' ਅਤੇ 'ਧਿਆਨ' ਦਾ ਕੰਮ ਦਿੰਦੇ ਹਨ। ਸਾਨੂੰ ਯੋਗੀ ਜਨਾਂ ਦੇ ਯੋਗ ਖਲਜਗਣ ਵਿਚ ਪੈਣ ਦੀ ਲੋੜ ਨਹੀਂ। ਪ੍ਰੰਤੂ ਆਪ ਜੀ ਦੇ ਕਥੇ ਜਾਪ-ਸਿਮਰਨ ਸੰਬੰਧੀ ਧਿਆਨ ਪ੍ਰਥਾਇ ਗੁਰਮਤਿ ਨਿਰਣਾ ਕਰਨ ਸੇਤੀ ਕਾਜ ਹੈ।

ਪਹਿਲਾਂ ਤਾਂ ਆਪ ਇਉਂ ਆਖਦੇ ਹਨ ਕਿ 'ਸਿਮਰਨ ਤਾਂ ਧਿਆਨ ਧਾਰਨਾ ਹੈ।' ਅਕਾਲ ਪੁਰਖ ਦਾ ਜਿਸ ਦੇ ਰੂਪ ਸਰੂਪ ਤੋਂ ਅਸੀਂ ਜਾਣੂ ਹੀ ਨਹੀਂ, ਤਾਂ ਫੇਰ ਅਸੀਂ ਇਸ ਰੂਪ ਦੀ ਸਹਾਇਤਾ ਕੀ ਲੈ ਸਕਦੇ ਹਾਂ। ਅਤੇ ਅਕਾਲ ਪੁਰਖ, ਜਿਸ ਦੇ ਧਿਆਨ ਲਈ ਅਸੀਂ ਤਰਲੇ ਲੈਣੇ ਹਨ ਯਾ ਜਿਸ ਦਾ ਅਸੀਂ ਧਿਆਨ ਧਰਨਾ ਹੈ, ਉਸ ਦੇ ਅਰਥ ਕੀ ਹੋ ਸਕਦੇ ਹਨ। ਨਾ-ਮਲੂਮ ਪਦਾਰਥ ਦੇ ਅਰਥਾਂ ਦਾ ਇਲਮ ਕੀ ਹੋ ਸਕਦਾ ਹੈ ? ਨਾ-ਮਲੂਮ ਦੇ ਅਰਥ ਭੀ ਨਾ-ਮਲੂਮ ਹਨ। ਤਦ ਉਹਨਾਂ ਦਾ ਧਿਆਨ ਕੀ ? ਅਤੇ ਕਿਵੇਂ ਬਝ ਸਕੂ ? ਕਿਵੇਂ ਭੀ ਨਹੀਂ। ਸ਼ਾਇਦ ਸਜਣ ਜੀ ਦਾ ਇਹ ਮਤਲਬ ਹੈ ਕਿ ਅਕਾਲ ਪੁਰਖ ਦੇ ਗੁਣਾਂ ਨੂੰ ਕਥਨਹਾਰੀ ਜੋ ਗੁਰਬਾਣੀ ਹੈ, ਅਥਵਾ ਅਕਾਲ ਪੁਰਖ ਦੇ



www.AKJ.Org

ਅਲੱਖ ਸਰੂਪ ਨੂੰ ਲਖਾਵਣਹਾਰੀ ਜੋ ਗੁਰਬਾਣੀ ਹੈ, ਤਿਸ ਗੁਰਬਾਣੀ ਦੇ ਅਰਥਾਂ ਉਤੇ ਧਿਆਨ ਜਮਾਉਣਾ ਜਾਪ-ਸਿਮਰਨ ਨੂੰ ਸਹਾਈ ਹੁੰਦਾ ਹੈ। ਸੋ ਜੇਕਰ ਤਾਂ ਗੁਰਬਾਣੀ ਦੇ ਅਰਥਾਂ ਨੂੰ ਜਾਣ ਲੈਣ ਨਾਲ ਹੀ ਅਕਾਲ ਪੁਰਖ ਦੇ ਅਲਖ ਸਰੂਪ ਨੂੰ ਜਾਣ ਲਈਦਾ ਹੈ ਤਦ ਤਾਂ ਜਾਪ-ਸਿਮਰਨ ਦੀ ਲੋੜ ਹੀ ਨਹੀਂ। ਕਿਉਂਕਿ ਜਾਪ-ਸਿਮਰਨ ਕਰਨ ਦਾ ਨਮਿਤ-ਕਾਰਨ, ਅਲਖ ਪਾਰਬ੍ਰਹਮ ਅਕਾਲ ਪੁਰਖ ਦੀ ਲਖਤਾ ਮਈ ਸਿਧੀ ਲਈ ਹੈ। ਅਤੇ ਜੇਕਰ ਗੁਰਬਾਣੀ ਦੇ ਅਰਥਾਂ ਨੂੰ ਅਨੁਮਾਨ ਮਾਤ੍ਰ ਜਾਣ ਲੈਣ ਨਾਲ ਅਕਾਲ ਪੁਰਖ ਦੇ ਅਲਖ ਸਰੂਪ ਦੀ ਤਤ ਲਖਤਾ ਪ੍ਰਾਪਤ ਨਹੀਂ ਹੁੰਦੀ, ਐਵੇਂ ਅਨੁਮਾਨ ਮਾਤਰ ਬੋਧ ਹੀ ਹੁੰਦਾ ਹੈ, ਤਦ ਗੁਰਬਾਣੀ ਦੇ ਅਨੁਮਾਨ ਮਾਤਰ ਅਰਥਾਂ ਦਾ ਧਿਆਨ ਧਰਨਾ ਜਾਪ-ਸਿਮਰਨ ਪ੍ਰਤੀ ਕੀ ਸਹਾਈ ਹੋ ਸਕਦਾ ਹੈ ? ਅਸਾਡੇ ਆਪੇ ਅਨੁਮਾਨ ਕੀਤੇ ਹੋਏ ਗੁਰਬਾਣੀ ਦੇ ਅਰਥ ਅਕਾਲ ਪੁਰਖ ਦੇ ਤਤ ਅਲੱਖ ਸਰੂਪ ਦੇ ਲਖਾਇਕ ਨਹੀਂ ਹੋ ਸਕਦੇ। ਇਸ ਤਤ ਅਲਖ ਸਰੂਪ ਨੂੰ ਸਤਿਗੁਰਾਂ ਨੇ ਹੀ ਸਾਂਗੋ ਪਾਂਗ ਲਖਿਆ, ਅਤੇ ਇਸ ਤੱਤ ਲਖਤਾ ਦੀ ਸਾਂਗੋ ''ਾਂਗ ਸਾਖਸ਼ਾਤ-ਕਾਰਤਾ ਅੰਦਰ ਹੀ ਗੁਰਬਾਣੀ ਸਾਖਸ਼ਾਤਕਾਰ ਹੋਈ। ਤਾਂ ਤੇ ਗੁਰਬਾਣੀ ਅਕਾਲ ਪੁਰਖ ਦਾ ਸਾਖਿਆਤ ਗਿਆਨ ਹੈ।

ਸੰਤਨ ਕੀ ਸੁਣਿ ਸਾਚੀ ਸਾਖੀ ॥ ਸੋ ਬੋਲਹਿ ਜੋ ਪੇਖਹਿ ਆਖੀ ॥੪॥(੨੫॥੩੬)

ਰਾਮਕਲੀ ਮ: ੫, ਪੰਨਾ ੮੯੪

ਇਸ ਧੁਰ ਕੀ ਬਾਣੀ ਦੇ ਤਤ ਸਾਖਿਆਤ ਅਰਥ ਧੁਰ ਦੀ ਪਹੁੰਚ ਵਾਲੇ ਪੁਰਖ ਹੀ ਸਮਝ ਸਕਦੇ ਹਨ। ਇਸ ਤਤ ਵਾਸਤਵੀ ਅਰਥਾਂ ਦੀ ਸਾਖਸ਼ਾਤ ਲਖਤਾ ਤੋਂ ਬਿਹੂਣ ਅਰਥਾਂ ਦਾ ਧਿਆਨ ਕੀ ਅਰਥ ਰਖ ਸਕਦਾ ਹੈ ? ਐਵੇਂ ਅਨੁਮਾਨ ਹੀ ਅਨੁਮਾਨ ਹੈ। ਇਸ ਨਿਰੇ ਅਨੁਮਾਨ ਦਾ ਜਾਪ-ਸਿਮਰਨ ਨੂੰ ਕੀ ਸਹਾਰਾ ? ਐਸਾ ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਦੇ ਨਿਕਟ ਗੁਰਬਾਣੀ ਦਾ ਬਾਰੰਬਾਰ ਭਾਵ ਅਰਥ ਵਿਚਾਰ ਕੇ (ਅਨੁਮਾਨ ਕੇ) ਪੜ੍ਹੀ ਜਾਣਾ ਹੀ ਧਿਆਨ ਸੰਯੁਕਤ ਜਾਪ-ਸਿਮਰਨ ਦਾ ਕਰਨਾ ਹੈ। ਇਹੋ ਹੀ ਜਾਪ-ਸਿਮਰਨ ਹੈ। ਇਸ ਤੋਂ ਭਿੰਨ ਇਹਨਾਂ ਦੇ ਨਿਕਟ ਹੋਰ ਕੋਈ ਜਾਪ-ਸਿਮਰਨ ਨਹੀਂ, ਨਾ ਕੋਈ ਗੁਰ ਮੰਤਰ ਗੁਰਮਤਿ ਨਾਮ ਦਾ ਅਭਿਆਸ ਹੈ। ਤਾਂ ਹੀ ਓਹ ਕਹਿੰਦੇ ਹਨ ਕਿ "ਮਨ ਨੂੰ ਇਕਾਗਰ ਕਰਨ ਲਈ ਬਾਣੀ ਦਾ ਪਾਠ, ਜਿਹਦੇ ਵਿਚ ਇਕੋ ਭਾਵ ਨੂੰ ਘੜੀ ਮੁੜੀ ਵਰਨਣ ਕੀਤਾ ਗਿਆ ਹੈ, ਸਹਾਇਤਾ ਕਰਦਾ ਹੈ।" ਇਸ ਵਿਚ ਕੋਈ ਸੰਦੇਹ ਨਹੀਂ ਕਿ ਗੁਰਬਾਣੀ ਦਾ ਪਾਠ ਮਾਤਰ ਹੀ ਪਾਰਸ ਰੂਪ ਹੈ। ਗੁਰਬਾਣੀ ਅੰਮ੍ਰਿਤ-ਬਾਣੀ ਜੁ ਹੋਈ। ਅੰਮ੍ਰਿਤ-ਬਾਣੀ ਦਾ ਪਾਠ ਰੂਪੀ ਪਰਸਨ ਹੀ ਪਾਰਸ-ਕਲਾ ਸੰਪੰਨ ਹੈ। ਜਿਉਂ ਜਿਉਂ ਅਤੇ ਜਿਤਨਾ ਭੀ ਗੁਰਬਾਣੀ ਦਾ ਪਾਠ ਕੀਤਾ ਜਾਵੇ, ਤਿਉਂ ਤਿਉਂ ਅਤੇ ਤਿਤਨੀ ਹੀ ਪਾਠੀ ਜਨ ਦੀ ਬਿਰਤੀ ਸੁਰਤੀ ਸੈਕਲ ਹੁੰਦੀ ਚਲੀ ਜਾਂਦੀ ਹੈ ਅਤੇ ਗੁਰਬਾਣੀ ਦਾ ਕੀਰਤਨ ਤਾਂ ਅੰਮ੍ਰਿਤ ਪਾਰਸ ਸ਼ਕਤਿ ਕਰਿ ਅਨੰਤ ਕਲਾ ਸੰਪੂਰਨ ਹੈ। ਪਰ ਆਪ ਜੀ ਦੀ ਸ਼ਰਧਾ ਗੁਰਬਾਣੀ ਦੀ ਇਸ ਪਾਰਸ-ਕਲਾ ਉਪਰ ਬਝੀ ਪ੍ਰਤੀਤ ਨਹੀਂ ਹੁੰਦੀ। ਓਹ ਤਾਂ ਬਾਣੀ ਦੀ ਮਨ-ਉਕਤ ਅਰਥਾ-ਬੰਦੀ ਉਤੇ ਹੀ ਮਨ ਟਿਕਾਇਆ ਲੋੜਦੇ ਹਨ। ਇਹ ਤਾਂ ਉਹੋ ਮਨ-ਕਲਪਤ ਅਰਥਾ-ਤਸੱਵਰੀ ਵਾਲੀ ਹੀ ਖੇਡ ਹੈ। ਆਪ ਕੀਰਤਨ ਨੂੰ ਮਹਿਜ਼ ਰਾਗ ਸਮਝਦੇ ਹੋਏ, ਰਾਗ ਦਾ ਅਸਰ ਤਾਂ ਮਨੁਖੀ ਮਨ ਤੇ ਬਹੁਤ ਮੰਨਦੇ ਹਨ ਅਤੇ ਕਹਿੰਦੇ ਹਨ ਕਿ "ਇਹਦੇ ਵਿਚ (ਰਾਗ ਵਿਚ) ਮਨ ਨੂੰ ਖਿਚ ਲੈਣ ਦੀ ਸ਼ਕਤੀ ਹੈ।" ਆਮ ਰਾਗ ਵਿਚ ਮਨ ਨੂੰ ਮੋਹਤ ਕਰ ਲੈਣ (ਖਿਚ ਲੈਣ) ਦੀ ਕੁਸ਼ਕਤੀ ਤਾਂ ਹੈ, ਪਰ ਅੰਮ੍ਰਿਤ-ਕਲਾ ਵਰਤਾਉਣ ਦੀ ਪਾਰਸ-ਸ਼ਕਤਿ ਨਹੀਂ। ਇਹ ਪਾਰਸ-ਸ਼ਕਤਿ ਗੁਰਬਾਣੀ ਅਤੇ ਗੁਰਬਾਣੀ ਦੇ ਕੀਰਤਨ ਵਿਚ ਹੈ। ਅਤੇ ਅੰਮ੍ਰਿਤ ਰੂਪ ਗੁਰਮਤਿ ਨਾਮ, ਅਰਥਾਤ ਗੁਰ-ਮੰਤਰ (ਗੁਰਸ਼ਬਦ) ਦੇ ਜਾਪ ਸਿਮਰਨ ਅੰਦਰ ਇਹ ਪਾਰਸ-ਕਲਾ ਅਮਰੋਂ ਹੀ ਹੈ। ਸ਼ਬਦ (ਗੁਰਮੰਤਰ) ਦੀ ਨਿਜ ਜ਼ਾਤ ਅੰਦਰ ਇਹ ਪਾਰਸ-ਕਲਾ ਹੈ। ਇਸ ਸ਼ਬਦ (ਗੁਰਮੰਤਰ ਗੁਰਮਤਿ ਨਾਮ) ਦੇ ਰਸਨਾ ਦੁਆਰਾ ਪਰਸਨ ਕਰਿ ਅਤੇ ਬਾਰੰਬਾਰ ਪਰਸਨ ਕਰਿ ਇਸ ਰਸਿਕ ਰਸਾਇਣੀ ਪਾਰਸ-ਕਲਾ ਦਾ ਰਿਦੰਤਰਿ ਨੂਰ-ਕਿਰਨੀ ਜ਼ਹੂਰ ਹੋ ਜਾਂਦਾ ਹੈ। ਸ਼ਬਦ ਗੁਰਮੰਤਰ ਦੇ ਜਾਪ ਸਿਮਰਨ ਦਾ ਇਹ ਨੂਰ-ਕਿਰਨ-ਰਸਾਇਣੀ-ਜ਼ਹੂਰ ਅੰਤਰਿ ਆਤਮੇ ਅਜਿਹੇ ਸਰੂਰ-ਰਹੱਸ ਆਸ਼ਕਾਰ ਕਰ ਦੇਂਦਾ ਹੈ ਜਿਸ ਦੇ ਪ੍ਰਭਾਵ ਕਰਿ ਸੁਰਤਿ ਆਪਣੇ ਆਪ ਹੀ ਅਮਿਉ ਰਸਾਇਣੀ ਸ਼ਬਦ ਗੁਰਮੰਤਰ ਦੇ ਅਭਿਆਸ ਵਿਚ ਟਿਕ ਜਾਂਦੀ ਹੈ। ਇਹੁ



www.AKJ.Org

ਸ਼ਬਦ ਸੁਰਤਿ ਦਾ ਅਗੰਮੀ ਗੁਰਮਤਿ ਦਾ ਨਿਰਣਾ ਹੈ। ਸ਼ਬਦ ਸੁਰਤਿ ਦੀ ਇਹ ਗੁਰਮਤਿ ਜੁਗਤਿ-ਬਿਧੀ ਕੇਵਲ ਗੁਰੂ ਘਰ ਦੇ ਗੁਰਮੁਖ ਜਨਾਂ ਨੂੰ ਹੀ ਪ੍ਰਾਪਤ ਹੈ ਅਤੇ ਗੁਰਮਤਿ ਨਾਮ ਦੇ ਦ੍ਰਿੜ੍ਹ ਵਿਸ਼ਵਾਸੀ ਅਭਿਆਸੀ ਜਨਾਂ ਨੂੰ ਹੀ ਸੀਨਾ-ਬਸੀਨਾ ਪੂਰਨ ਪੰਚਾਮ੍ਰਿਤ-ਗੁਰਮਤਿ-ਬਿਧੀ ਅਨੁਸਾਰ ਹੀ ਸਫੁਰਨ ਹੋ ਸਕਦੀ ਹੈ। ਸ਼ਬਦ ਸੁਰਤਿ ਦੇ ਅਭਿਆਸੀ ਜਨਾਂ ਨੂੰ ਕਿਸੇ ਹੋਰ ਅਰਥ-ਮੂਰਤੀ ਪਰ ਧਿਆਨ ਜਮਾਉਣ ਵਿਚ ਬਾਹਯਮੁਖੀ ਹੋਣ ਦੀ ਲੋੜ ਨਹੀਂ। ਨਾਮ, ਗੁਰਮਤਿ ਨਾਮ ਦੇ ਅਭਿਆਸੀ ਪ੍ਰੇਮੀਆਂ ਨੇ ਪ੍ਰੀਤਮ ਨਾਮੀ ਦੇ ਮਿਲਣ ਸੰਦੀ ਪ੍ਰਿਮ-ਪ੍ਰੀਤ ਨੂੰ ਹਿਰਦੇ ਵਿਚ ਧਾਰ ਕੇ ਗੁਰੂ ਆਸਰੇ ਨਾਮ ਜਪਣ ਵਿਚ ਜੁਟ ਜਾਣਾ ਹੈ ਅਤੇ ਨਾਮ ਜਪਦੇ ਹੋਏ ਧਿਆਨ-ਸੁਰਤੀ ਗੁਰ ਮੂਰਤ ਗੁਰ ਸ਼ਬਦ (ਗੁਰਮੰਤਰ) ਵਿਖੇ ਹੀ ਰਖਣੀ ਹੈ।

ਪ੍ਰਿਥਮ ਪ੍ਰਿਥਮ ਸ਼ਬਦ ਜਾਪ ਦੀ ਆਰੰਭ ਅਵਸਥਾ ਵਿਖੇ ਸੁਰਤੀ ਨੂੰ ਮੋੜ ਮੋੜ ਕੇ ਗੁਰਸ਼ਬਦ (ਗੁਰਮੰਤਰ) ਦੇ ਜਾਪ ਵਿਖੇ ਜੋੜਨ ਦਾ ਕਿੰਚਤ ਮਾਤਰੀ ਯਤਨ ਗੁਰ-ਨਦਰ-ਮੇਹਰੀ-ਅੰਕੂਰ ਉਪਜਾਉਂਦਾ ਹੈ ਕਿ ਗੁਰੂ ਰੂਪ ਗੁਰ-ਸ਼ਬਦ (ਗੁਰਮੰਤਰ) ਆਪਣੀ ਪਾਰਸ-ਕਲਾ ਵਰਤਾ ਕੇ ਅਭਿਆਸੀ ਜਨ ਨੂੰ "ਕੋਟਿ ਪੈਂਡਾ ਆਗੈ ਹੋਇ ਲੇਤ ਹੈ"। ਕੇਵਲ ਕਿੰਚਤ ਕਾਲ ਹੀ ਸਿਲ ਅਲੂਣੀ ਚਟਣੀ ਪੈਂਦੀ ਹੈ, ਫਿਰ ਤਾਂ ਆਪੋਂ ਹੀ ਗੁਰਸ਼ਬਦ ਨੇ ਆਪਣੀ ਅੰਮ੍ਰਿਤ-ਕਲਾ ਵਰਤਾ ਕੇ ਅਭਿਆਸੀ ਜਨ ਨੂੰ ਸ਼ਬਦ-ਸੁਰਤਾ, ਸ਼ਬਦ-ਰਸੀਆ ਬਣਾ ਦੇਣਾ ਹੈ। ਏਸੇ ਕਰਕੇ ਤਾਂ ਗੁਰਸ਼ਬਦ, ਗੁਰਮਤਿ ਨਾਮ ਮੰਤਰ ਰੂਪ ਹੈ। ਮੰਤਰ ਦਾ ਜਾਪ ਸਿਮਰਨ ਜੇ ਅੰਮ੍ਰਿਤ ਕਲਾ ਪਾਰਸ ਕਲਾ ਨਾ ਵਰਤਾਏ ਤਾਂ ਮੰਤਰ ਕਾਹਦਾ? ਗੁਰੂ ਘਰ ਦੇ ਸ਼ਬਦ-ਸੁਰਤਿ ਦੀ ਇਹ ਵਿਲੱਖਣ ਖੇਡ ਹੈ। ਗੁਰਮਤਿ-ਸ਼ਬਦ-ਸੁਰਤਿ-ਭਗਤਿ-ਜੁਗਤਿ ਤੋਂ ਘੁਥੇ ਜੋਗੀ ਜਨਾਂ ਦੇ ਜੋਗ ਕਿਸੇ ਲੇਖੇ ਨਹੀਂ ਪੈਂਦੇ। ਗੁਰਮਤਿ ਨਾਮ ਬਿਨਾਂ ਸੱਚਾ ਜੋਗ ਹੋ ਹੀ ਨਹੀਂ ਸਕਦਾ। ਯਥਾ ਗੁਰਵਾਕ:

ਨਾਮੇ ਨਾਮਿ ਰਹੈ ਬੈਰਾਗੀ ਸਾਚੁ ਰਖਿਆ ਉਰਿ ਧਾਰੇ ॥
ਨਾਨਕ ਬਿਨੁ ਨਾਵੈ ਜੋਗੁ ਕਦੇ ਨ ਹੋਵੈ ਦੇਖਹੁ ਰਿਦੈ ਬੀਚਾਰੇ ॥੬੮॥... ...
ਸਬਦੈ ਕਾ ਨਿਬੇੜਾ ਸੁਣਿ ਤੂੰ ਅਉਧੂ ਬਿਨੁ ਨਾਵੈ ਜੋਗੁ ਨ ਹੋਈ ॥
ਨਾਮੇ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖੁ ਹੋਈ ॥
ਨਾਮੈ ਹੀ ਤੇ ਸਭੁ ਪਰਗਟੁ ਹੋਵੈ ਨਾਮੇ ਸੋਝੀ ਪਾਈ ॥
ਬਿਨੁ ਨਾਵੈ ਭੇਖ ਕਰਹਿ ਬਹੁਤੇਰੇ ਸਚੈ ਆਪਿ ਖੁਆਈ ॥
ਸਤਿਗੁਰ ਤੇ ਨਾਮੁ ਪਾਈਐ ਅਉਧੂ ਜੋਗ ਜੁਗਤਿ ਤਾ ਹੋਈ ॥
ਕਰਿ ਬੀਚਾਰੁ ਮਨਿ ਦੇਖਹੁ ਨਾਨਕ ਬਿਨੁ ਨਾਵੈ ਮੁਕਤਿ ਨ ਹੋਈ॥੭੨॥

ਰਾਮਕਲੀ ਮ: ੧, ਸਿਧ ਗੋਸਟਿ, ਪੰਨਾ ੯੪੬

ਇਸ ਗੁਰ-ਪ੍ਰਮਾਣ ਦੇ ਸਾਰ ਤੱਤ ਤੋਂ ਇਹ ਗੱਲਾਂ ਸਾਫ਼ ਸਪੱਸ਼ਟ ਹੁੰਦੀਆਂ ਹਨ ਕਿ ਨਾਮ ਬਿਨਾਂ ਜੋਗ ਕਦੰਤ ਨਹੀਂ ਹੋ ਸਕਦਾ ਅਤੇ ਨਾ ਹੀ ਨਾਮੋਂ ਘੁਥੇ ਜੋਗ ਦਾ ਕੁਛ ਨਿਘਾਸ ਹੈ। ਨਾਮ ਦੁਆਰਾ ਹੀ ਨਾਮ ਵਿਚਿ ਲਿਵ ਲਗਦੀ ਹੈ। ਨਾਮ ਵਿਚ ਰਤੇ ਰਹਿਣ ਕਰਕੇ, ਅਤੇ ਦਿਨ ਰਾਤ ਨਾਮ ਵਿਚਿ ਹੀ ਰਤੇ ਰਹਿਣ ਕਰਕੇ ਹੀ ਸੱਚੇ ਸੁਖ ਦੀ ਪ੍ਰਾਪਤੀ ਹੁੰਦੀ ਹੈ। ਜੋਗੀਆਂ ਦੇ ਨਾਮੋਂ ਸਖਣੇ ਜੋਗ ਦੁਆਰਾ ਕੁਛ ਨਹੀਂ ਬਣਦਾ ਅਤੇ ਸੱਚੇ ਸੁਖ ਦੀ ਕੱਖ ਭੀ ਪ੍ਰਾਪਤੀ ਨਹੀਂ ਹੁੰਦੀ। ਨਾਮ ਤੋਂ ਹੀ ਸਭ ਗੁਪਤ ਖੇਡ ਵਾਲਾ ਅਲਖ ਨਜ਼ਾਰਾ ਲਖਿਆ ਜਾਂਦਾ ਹੈ ਅਤੇ ਨਾਮ ਤੋਂ ਹੀ ਅਕਾਲ ਪੁਰਖ ਦੇ ਅਲੱਖ ਸਰੂਪ ਦੀ ਲਖਤਾ (ਸੱਚੀ ਸੋਝੀ) ਹੁੰਦੀ ਹੈ। ਨਾਮ ਤੋਂ ਬਿਨਾਂ ਬਥੇਰੇ ਭੇਖ ਜੋਗ ਕਰਿ ਭ੍ਰਮਦੇ ਫਿਰਦੇ ਹਨ। ਨਾਮ ਕੇਵਲ ਸਤਿਗੁਰੂ ਤੋਂ ਹੀ ਪ੍ਰਾਪਤ ਹੁੰਦਾ ਹੈ। ਤਦ, ਕੇਵਲ ਤਦ ਹੀ ਸੱਚੇ ਜੋਗ ਦੀ ਤੱਤ ਜੁਗਤਿ ਪ੍ਰਾਪਤ ਹੁੰਦੀ ਹੈ। ਨਾਮ ਤੋਂ ਬਿਨਾਂ ਨਾ ਹੀ ਜੋਗ ਜੁਗਤਿ ਅਤੇ ਨ ਹੀ ਭੁਗਤਿ ਮੁਕਤਿ ਮਿਲਦੀ ਹੈ। ਇਹ ਉਪਰਲੇ ਗੁਰ-ਪ੍ਰਮਾਣ ਦਾ ਤੱਤ ਸਿਧਾਂਤ ਹੈ, ਜਿਸ ਤੋਂ ਸ਼ਬਦ-ਮਾਰਗੀ ਤੱਤ ਯੋਗ ਦਾ ਸੱਚ ਨਿਬੇੜਾ ਹੁੰਦਾ ਹੈ।

["ਗੁਰਮਤਿ ਰਮਜ਼ਾਂ" ਵਿਚੋਂ



www.AKJ.Org

# ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਤੇ ਆਦਰਸ਼

[ਪ੍ਰੋਫ਼ੈਸਰ ਜੋਗਿੰਦਰ ਸਿੰਘ ਜੀ, ਮੈਂਬਰ, ਦਿਲੀ ਸਿਖ ਗੁਰਦੁਆਰਾ ਪ੍ਰਬੰਧਕ ਕਮੇਟੀ]

ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਦਸਾਂ ਗੁਰੂਆਂ ਦੀ ਜੀਵਨ-ਕ੍ਰਿਆ ਵਿਚ 'ਸੱਚੀ ਬਾਣੀ' ਨੂੰ ਗਾਇਨ ਕਰਨ ਜਾਂ ਗਾਵਣ ਦੀ ਪ੍ਰਥਾ ਤੇ ਪ੍ਰਥਮਤਾ ਰਹੀ। ਸੱਚੀ ਬਾਣੀ ਨੂੰ ਗਾਵਣਾ ਤੇ ਸਿੱਖਾਂ ਨੂੰ ਗਾਵਣ ਲਈ ਪ੍ਰੇਰਨਾ ਨਿਸਚੇ ਹੀ ਸਚੁ, ਨਿਰਮਲ, ਨਿਰਭਉ, ਨਿਰਵੈਰ ਤੇ ਪ੍ਰਸਾਤੀ-ਗੁਣਾਂ ਨੂੰ ਉਭਾਰਨਾ ਸੀ। ਗੁਰੂ-ਜੋਤਿ ਵੀ ਇਨ੍ਹਾਂ ਗੁਣਾਂ ਦੀ ਨਿੱਧੀ ਸੀ ਤੇ ਗੁਰੂ ਜੋਤਿ ਦੁਆਰਾ ਪ੍ਰਗਟ ਹੋਈ ਪ੍ਰਮੇਸ਼ਰ-ਬਾਣੀ ਵੀ ਇਸ ਗੁਣ-ਨਿਧੀ ਦਾ ਪ੍ਰਕਾਸ਼ ਹੀ ਉਜਾਗਰ ਕਰਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ 'ਸਰੂਪ' ਅਧਿਆਤਮਿਕ ਸਰੂਪ ਹੈ। ਅਧਿਆਤਮਿਕਤਾ ਵਿਚ ਗਿਆਨ ਤੇ ਗੁਣ ਹੀ ਪ੍ਰਧਾਨ ਹੁੰਦੇ ਹਨ। ਜਿਨ੍ਹਾਂ ਸਤਿਗੁਰਾਂ, ਭਗਤਾਂ, ਭੱਟਾਂ ਤੇ ਰਬਾਬੀਆਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਪਾਦਿਤ ਕੀਤੀ ਗਈ ਹੈ, ਉਹਨਾਂ ਸਭ ਦਾ ਹਿਰਦਾ 'ਗਿਆਨ' ਨਾਲ ਸੰਵਾਰਿਆ ਹੋਇਆ ਸੀ ਤੇ 'ਗੁਣਾਂ' ਨਾਲ ਭਰਿਆ ਹੋਇਆ ਸੀ।

ਦੈਵੀ ਗਿਆਨ ਕਾਰਨ ਹੀ ਸਾਰੇ ਬਾਣੀਕਾਰਾਂ ਦੀ 'ਜੋਤਿ' ਭ੍ਰਮੁ-ਸੱਤਾ ਜਾਂ ਮਾਇਆ-ਬੰਧਨ ਤੋਂ ਮੁਕਤ ਸੀ। ਭ੍ਰਮੁ-ਮਾਇਆ-ਬੰਧਨ ਤੋਂ ਮੁਕਤ ਹੋਣ ਕਰਕੇ 'ਗਿਆਨ-ਜੋਤਿ' ਜੀਵਨ ਦੇ ਹਰ ਖੇਤਰ (ਧਾਰਮਿਕ, ਸਮਾਜਕ ਤੇ ਰਾਜਨੀਤਕ) ਵਿਚ ਬੱਲ ਸੇਤੀ ਤੇ ਪਤਿ ਸੇਤੀ ਜੀਉਂਦੀ ਰਹੇ। ਪਤਿ ਤੇ ਬੱਲ ਇਸ ਹੱਦ ਤਕ ਵੀ ਗਿਆ, ਕਿ ਸਤਿਗੁਰਾਂ ਨੇ ਗੁਣ-ਸਾਂਝ ਨਮਿੱਤ ਤੱਤੀ ਤਵੀ ਉਤੇ ਬੈਠਣਾ ਪਰਵਾਨ ਕਰ ਲਿਆ, ਸਿਰਰੁ (ਗੁਣ-ਗੌਰਵ) ਦੀ ਸੁਰੱਖਿਆ ਲਈ ਸੀਸ ਦੇਣਾ ਮੰਨ ਲਿਆ, ਸਾਰੇ ਬੰਸ ਤੇ ਅਨੇਕਾਂ ਸਿੱਖਾਂ ਦੀਆਂ ਸ਼ਹਾਦਤਾਂ ਦੇ ਕੇ ਵੀ ਸਤਿਗੁਰਾਂ-ਗੁਰਸਿੱਖਾਂ ਨੇ 'ਜੋਤਿ' ਦੇ ਗਿਆਨ ਤੇ ਗੁਣ-ਸਰੂਪ ਨੂੰ ਨੀਵਾਂ ਨਹੀਂ ਹੋਣ ਦਿਤਾ। ਗੁਰੂ ਤੇ ਸਤਿਗੁਰਾਂ ਦੇ ਸਿਖ ਜੋਤ-ਗਿਆਨ ਤੇ ਗੁਣ-ਸਰੂਪ ਦੇ ਪੁਜਾਰੀ ਹਨ। ਉਹਨਾਂ ਨੇ ਨਾ ਆਪਣੀ ਦੇਹ ਦੀ ਪੂਜਾ ਕਰਾਈ ਅਤੇ ਨਾ ਹੀ ਕਿਸੇ ਹੋਰ ਦੀ ਦੇਹ-ਪੂਜਾ ਲਈ ਕਦੀ ਆਦੇਸ਼ ਦਿੱਤਾ। ਇਸੇ ਕਰਕੇ ਗੁਰੂ-ਜੋਤਿ ਦਾ 'ਗਿਆਨ' ਜਿਥੇ ਹੁਕਮੀ ਬੰਦਾ ਬਣ ਕੇ, ਆਚਾਰੁ-ਵਿਹਾਰ ਵਿਚ ਨਿਰਮਲ ਤੇ ਨਿਰਭਉ ਰਹਿਣ ਦੀ ਪ੍ਰੇਰਨਾ ਕਰਦਾ ਹੈ, ਉਥੇ ਗੁਰੂ-ਜੋਤਿ ਦਾ 'ਗੁਣ-ਸਰੂਪ' ਤਮ ਤੇ ਵਿਸੁ ਸੰਸਾਰੁ ਦੇ ਪਸੂ-ਮੋਹ ਨੂੰ ਤੁੜਾ ਕੇ, ਸੱਚ ਤੇ ਵੈਰ-ਮੁਕਤ 'ਹਰਿ' ਰੂਪ ਨੂੰ ਸਿਰਜਣ ਤੇ ਸਥਾਪਿਤ ਕਰਨ ਲਈ ਦਮ ਮਾਰਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੱਚੀ ਬਾਣੀ ਦਾ ਮੁਖ ਆਦੇਸ਼ ਤੇ ਆਦਰਸ਼ ਅਧਿਆਤਮਕ-ਭੋਜਨ ਨੂੰ ਪ੍ਰਦਾਨ ਕਰਨਾ ਹੀ ਹੈ, ਜਿਸ ਨੂੰ ਭੁੰਚਣ ਤੇ ਸਦਾ ਹਿਰਦੇ ਵਿਚ ਰੱਖਣ ਨਾਲ 'ਤਮ' ਪੂਰੀ ਤਰ੍ਹਾਂ ਮੁਕ ਜਾਵੇ, ਇਹ ਵਿਸੁ ਸੰਸਾਰੁ ਬ੍ਰਹਮ-ਪਾਸਾਰ ਜਾਂ ਹਰਿ ਦਾ ਰੂਪ ਦ੍ਰਿਸ਼ਟੀ-ਗੋਚਰ ਹੋਵੇ। ਸਾਰੇ ਅਸਾਰ-ਪਾਸਾਰ ਵਿਚੋਂ ਬ੍ਰਹਮ-ਏਕਤਾ (ਪ੍ਰਮੇਸਰ ਇਕ ਹੈ) ਨੂੰ ਪਛਾਣ ਸਕਣਾ, ਇਹ ਮੂਲ ਨੂੰ ਪਛਾਣਨ ਦੀ ਨਿਸ਼ਾਨੀ ਹੈ। ਮੂਲ ਦੀ ਪਛਾਣ ਵਿਚ 'ਤਮ' ਦਾ ਪੂਰੀ ਤਰ੍ਹਾਂ ਵਿਨਾਸ਼ ਹੋ ਜਾਂਦਾ ਹੈ ਤੇ ਮਨੁੱਖ ਗੁਰੂ ਚਰਨਾਂ ਨਾਲ ਜੁੜ ਜਾਂਦਾ ਹੈ। ਗੁਰੂ-ਚਰਨਾਂ ਵਿਚ ਜੁੜਨ ਨਾਲ ਹੀ ਇਹ ਅਨੁਭਵ ਹੁੰਦਾ ਹੈ ਕਿ ਸਭ ਪਾਸਾਰ ਵਿਚ ੧ਓ ਦਾ ਹੀ ਗਿਆਨ-ਪ੍ਰਕਾਸ਼ ਹੈ ਤੇ ਇਸ ਗਿਆਨ-ਪ੍ਰਕਾਸ਼ ਦੀ ਪ੍ਰਾਪਤੀ ਨਾਲ ਹੀ ਮਨੁੱਖ ਦਾ ਉਧਾਰ ਹੋ ਸਕਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ 'ਉਧਾਰ' ਕਰਨ ਵਾਲਾ ਭੋਜਨ ਹੈ। ਇਸੇ ਕਰਕੇ ਇਥੇ ਕੂੜ ਦੀ ਥਾਂ ਸੱਚ-ਆਚਾਰੁ ਨੂੰ ਉਤਮ ਮੰਨਿਆ ਗਿਆ ਹੈ, ਮੰਦਾ ਮੂਲ ਦੀ ਥਾਂ 'ਭਲਾ' ਨੂੰ ਚੰਗਾ ਗਿਣਿਆ ਗਿਆ ਹੈ, ਦੁਸ਼ਟ ਦੀ ਥਾਂ ਸੱਜਣ ਨੂੰ ਸਾਥੀ ਸਵੀਕਾਰਿਆ ਗਿਆ ਹੈ, ਨਿੰਦਾ ਦੀ ਥਾਂ ਸੋਹਿਲਾ ਨੂੰ ਅਪਣਾਇਆ ਗਿਆ ਹੈ, ਸਹਿਸਾ ਦੀ ਥਾਂ ਸਹਿਜ ਨੂੰ ਪਹਿਲ ਦਿਤੀ ਗਈ ਹੈ, ਦੁੱਖ-ਸੁੱਖ ਦੀ ਥਾਂ ਸਬਰ-ਸਿਦਕ ਨੂੰ ਸਰੇਸ਼ਟ ਆਖਿਆ ਗਿਆ ਹੈ, ਹਰਾਮਖੋਰ ਤੇ ਅਕ੍ਰਿਤਘਣ ਦੀ ਥਾਂ ਕਿਰਤੀ-ਕਿਰਸਾਨ ਨੂੰ ਉਚਿਆਇਆ ਗਿਆ ਹੈ। ਗੱਲ ਕੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ



www.AKJ.Org

ਸਾਰੀ ਬਾਣੀ ਉਸ ਕਰਮ, ਕ੍ਰਿਤ ਤੇ ਕੁਲ ਵਿਰੁੱਧ ਹੈ, ਜਿਹੜੀ ਮਨੁੱਖ ਨੂੰ ਤਮ ਸੰਸਾਰ ਵਿਚ ਜੀਊਣ ਤੇ ਰਹਿਣ ਦੀ ਪਕੜ ਪ੍ਰਦਾਨ ਕਰਦੀ ਹੈ।

ਇਸ ਕਰਕੇ ਗੁਰੂ-ਜੋਤਿ ਨੇ ਅੰਮ੍ਰਿਤਮਈ ਜੀਵਨ ਵਿਚੋਂ ਕਰਮ, ਕ੍ਰਿਤ ਤੇ ਕੁਲ ਦੇ ਪ੍ਰੰਪਰਾਗਤ ਵਿਤਕਰਿਆਂ ਨੂੰ ਹਟਾ ਕੇ, ਉਸ ਨੂੰ ਅਜਿਹੀ ਅਧਿਆਤਮਕ ਤੇ ਅੰਮ੍ਰਿਤਮਈ ਖੁਰਾਕ ਦਿਤੀ ਹੈ, ਜਿਸ ਨੂੰ ਨਿਰੰਤਰ ਭੁੰਚਣ ਨਾਲ ਤੇ ਹਿਰਦੇ ਵਿਚ ਸੰਭਾਲ-ਸੰਵਾਰ ਕੇ ਰੱਖਣ ਨਾਲ ਉਸ ਦਾ 'ਉਧਾਰ' (ਕਲਿਆਣ) ਹੋ ਜਾਂਦਾ ਹੈ । ਉਸ ਅਧਿਆਤਮਕਾਂ ਤੇ ਅੰਮ੍ਰਿਤਮਈ ਭੋਜਨ ਦਾ ਜ਼ਿਕਰ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੁੰਦਣ ਵੇਲੇ ਮੁੰਦਾਵਣੀ ਵਜੋਂ ਸਪੱਸ਼ਟ ਸ਼ਬਦਾਂ ਵਿਚ ਕੀਤਾ ਹੈ । ਗੁਰੂ ਅਰਜਨ ਦੇਵ ਜੀ ਨੇ ਪੋਥੀ-ਪ੍ਰਮੇਸ਼ਰ ਨੂੰ ਤੇ ਹੁਣ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਥਾਲ' ਨਾਲ ਉਪਮਾ ਦਿੰਦਿਆਂ ਹੋਇਆਂ ਆਖਿਆ ਹੈ ਕਿ ਇਸ 'ਗੁਰੂ-ਥਾਲ' ਵਿਚ ਅੰਮ੍ਰਿਤਮਈ ਭੋਜਨ ਪਿਆ ਹੋਇਆ ਹੈ । ਹਰ ਮਨੁੱਖ ਬਿਨਾਂ ਕਿਸੇ ਵੰਡ-ਵਿਤਕਰੇ ਦੇ ਇਸ ਨੂੰ ਭੁੰਚ ਸਕਦਾ ਹੈ ਤੇ ਜੇ ਹਿਰਦੇ ਵਿਚ ਰੱਖਣਾ ਚਾਹੇ, ਤਾਂ ਸਦਾ ਵਾਸਤੇ ਰੱਖ ਵੀ ਸਕਦਾ ਹੈ । ਪਰ ਸੰਕਟ ਇਹ ਹੈ ਕਿ ਹਰ ਮਨੁੱਖ 'ਉਧਾਰ' ਦੀ ਭੁੱਖ-ਇੱਛਾ ਰੱਖਣ ਦੇ ਬਾਵਜੂਦ ਵੀ (ਉਧਾਰ ਦਾ ਅਰਥ ਹੈ–ਪ੍ਰਭੂ ਨਾਲ ਮਿਲ ਜਾਵੇ) ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਦੇ ਬੰਧਨਾਂ ਵਿਚ ਇੰਨਾ ਜਕੜਿਆ ਹੋਇਆ ਹੈ ਕਿ ਉਸ ਨੂੰ ਸੁਧ ਨਹੀਂ ਕਿ ਉਹ 'ਤਮ' (ਅੰਧੇਰੇ) ਵਿਚ ਜੀਉ ਰਿਹਾ ਹੈ, ਜਾਂ ਪ੍ਰਭੂ ਨਾਲ ਮਿਲਣ ਵਿਚ ਰੁਕਾਵਟਾਂ ਖੜੀਆਂ ਕਰ ਰਿਹਾ ਹੈ।

ਗੁਰੂ ਅਰਜਨ ਦੇਵ ਸਾਹਿਬ ਆਖਦੇ ਹਨ ਕਿ ਜੇ ਮਨੁੱਖ ਸੱਚਮੁੱਚ ਹੀ ਆਪਣਾ 'ਉਧਾਰ' ਚਾਹੁੰਦਾ ਹੈ, ਤਾਂ ਉਸ ਲਈ ਜ਼ਰੂਰੀ ਹੈ ਕਿ ਉਹ ਸਤੁ, ਸੰਤੋਖ, ਵੀਚਾਰੋ ਦੀ ਕ੍ਰਿਆ ਨੂੰ ਗ੍ਰਹਿਣ ਕਰੇ। 'ਸਤੁ' ਨਾਲ ਮਨੁੱਖੀ-ਜੀਵਨ ਵਿਚ ਆਤਮਕ ਦਸ਼ਾ ਉਪਜਦੀ ਹੈ, 'ਸੰਤੋਖ' ਨਾਲ ਮਾਨਸਿਕ ਜਜ਼ਬੇ ਤੇ ਤ੍ਰਿਸ਼ਨਾ ਸਹਿਜ ਰੂਪ ਧਾਰਦੀ ਹੈ; 'ਵਿਚਾਰੋ' ਨਾਲ ਬੌਧਿਕ ਸੱਤਾ ਦਾ ਉਹ ਨਿਆਂ-ਵਿਵੇਕ ਮਿਲਦਾ ਹੈ, ਜਿਸ ਨਾਲ ਚੰਗੇ-ਮੰਦੇ ਦਾ ਨਿਖੇੜ ਹੋ ਜਾਂਦਾ ਹੈ। ਗੁਰੂ ਅਰਜਨ ਸਾਹਿਬ ਕਹਿੰਦੇ ਹਨ ਕਿ ਸਤੁ, ਸੰਤੋਖੁ, ਵੀਚਾਰੋ ਦੀ ਘਾੜਤ ਨਾਲ ਮਨੁਖ ਨੂੰ ਇਹ ਅਨੁਭਵ ਪ੍ਰਕਾਸ਼ ਹੋ ਜਾਂਦਾ ਹੈ ਕਿ ਕੇਵਲ 'ਅੰਮ੍ਰਿਤ ਨਾਮ' ਹੀ ਉਸ ਦੇ 'ਉਧਾਰ' ਦਾ ਉਪਯੋਗੀ ਸਾਧਨ ਹੈ। ਕਿਉਂਕਿ ਨਾਮ-ਸਿਮਰਤੀ ਨਾਲ ਹੀ ਸੱਚ ਨੇ ਦ੍ਰਿੜ੍ਹ ਹੋਣਾ ਹੈ; ਨਿਰਮਲ, ਨਿਰਭਉ ਤੇ ਨਿਰਵੈਰ-ਚਰਿੱਤਰ ਦੀ ਘਾੜਤ ਹੋਣੀ ਹੈ। ਜੇ ਸੁਰਤਿ, ਸਤਿ, ਮਤਿ, ਬੁਧਿ ਤੇ ਸੁਧਿ ਅਧਿਆਤਮਕ ਹੋ ਜਾਵੇ, ਤਾਂ ਸਹਿਜੇ ਹੀ ਮਨੁੱਖ 'ਨਦਰੀ ਨਦਰਿ ਨਿਹਾਲ' ਹੋ ਜਾਂਦਾ ਹੈ। ਨਦਰਿ-ਨਿਹਾਲ ਪ੍ਰਦਾਨ ਕਰਨ ਵਾਸਤੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬੰਨ੍ਹੀ ਗਈ ਤੇ ਸਾਰੀ ਬਾਣੀ ਦਾ ਸਰੂਪ ਵੀ 'ਨਦਰਿ ਨਿਹਾਲ' ਵਾਲਾ ਹੀ ਨਿਸ਼ਚਿਤ ਕੀਤਾ ਗਿਆ। ਕਿਉਂਕਿ ਗੁਰੂ-ਪ੍ਰਮੇਸ਼ਰ ਦੀ 'ਨਦਰਿ ਨਿਹਾਲ' ਦੀ ਪ੍ਰਾਪਤੀ ਨਾਲ ਹੀ ਮਨੁੱਖ ਦਾ ਉਧਾਰ ਹੋ ਸਕਦਾ ਹੈ। ['ਖਾਲਸਾ ਐਡਵੋਕੇਟ' ੨੧-੮-੮੭ ਵਿਚਲੇ ਲੇਖ ਚੋਂ

## ਸੁਖਮਨੀ ਦੀ ਕਰਾਮਾਤ

ਸ: ਕਰਤਾਰ ਸਿੰਘ ਜੀ ਸੋਨੀਪਤ ਵਾਲੇ ਜਦ ਲਾਹੌਰ ਰਹਿੰਦੇ ਸਨ ਤਾਂ ਉਨ੍ਹਾਂ ਨੂੰ ਇਕ ਈਸਾਈ ਮਿੱਤਰ ਨੇ ਦਸਿਆ, "ਸਾਡੇ ਪਾਦਰੀ ਨੇ ਲੜਕੀ ਦੀ ਸ਼ਾਦੀ ਕੀਤੀ ਤੇ ਦਾਮਾਦ ਦੀ ਨੌਕਰੀ ਬੰਬਈ ਲਗ ਗਈ। ਕਰਨਾ ਕਰਤਾਰ ਦਾ, ਕੁਝ ਸਮਾਂ ਪਾ ਕੇ ਉਹ ਗੁਜ਼ਰ ਗਿਆ। ਪਾਦਰੀ ਸਦਮਾ ਸਹਾਰ ਨਾ ਸਕਿਆ, ਪਾਗਲ ਹੋ ਗਿਆ। ਬਥੇਰੇ ਇਲਾਜ ਕੀਤੇ, ਠੀਕ ਨਹੀਂ ਹੋ ਸਕਿਆ। ਸਰਦਾਰ ਜੀ, ਉਸ ਦੀ ਹਾਲਤ ਤੇ ਬਹੁਤ ਤਰਸ ਆਉਂਦਾ ਹੈ, ਕੀ ਕੀਤਾ ਜਾਵੇ ?"

ਸਰਦਾਰ ਨੇ ਉਤਰ ਦਿਤਾ, "ਫਿਕਰ ਕਰਨ ਦੀ ਲੋੜ ਨਹੀਂ, ਮਾਲਕ ਭਲੀ ਕਰੇਗਾ।" ਉਸ ਨੂੰ ਸਰਦਾਰ ਜੀ ਨੇ ਅੰਗਰੇਜ਼ੀ ਵਿਚ ਚੀਫ ਜਸਟਿਸ ਸ: ਤੇਜਾ ਸਿੰਘ ਜੀ ਦੀ ਤਰਜਮਾ ਹੋਈ ਸੁਖਮਨੀ ਸਾਹਿਬ [Treasury of Eternal Peace "Sukhmany"] ਪੜ੍ਹਨ ਲਈ ਦਿਤੀ। ਥੋੜੇ ਦਿਨਾਂ ਬਾਅਦ ਉਸ ਮਿੱਤਰ ਨੇ ਸ਼ੁਕਰਾਨਾ ਕਰਦੇ ਆਖਿਆ, "That is a miracle one, he is now all right by the grace of Guru ji," (ਇਹ ਇਕ ਕਰਾਮਾਤ ਹੋਈ ਹੈ ਕਿ ਉਹ ਹੁਣ ਗੁਰੂ ਜੀ ਦੀ ਕਿਰਪਾ ਨਾਲ ਬਿਲਕੁਲ ਠੀਕ ਹੈ)।

www.AKJ.Org

ਗੁਰਮਤੀ ਕਦਰਾਂ–੪

# ਸਭ ਊਪਰਿ ਨਾਮੁ

[ ਪ੍ਰੋਫੈਸਰ ਗੁਰਮੁਖ ਸਿੰਘ ਜੀ ]

ਸਤਿਗੁਰੂ ਸਾਹਿਬਾਨ ਕਲਜੁਗ ਦੇ ਰਾਹਬਰ ਸਨ । ਸਤਜੁਗ, ਤ੍ਰੇਤਾ, ਦੁਆਪਰ ਜੁਗਾਂ ਵਿਚ ਆਤਮਕ ਵਿਕਾਸ ਲਈ ਸਾਧਨਾ ਹੋਰ ਸੀ । ਪਰ ਕਲਜੁਗ ਵਿਚ ਕੇਵਲ ਪਰਮੇਸ਼ਰ ਦਾ ਨਾਮ ਅਤੇ ਪ੍ਰੇਮਾ–ਭਗਤੀ ਹੀ ਪਰਮ-ਪਦ ਦੀ ਪ੍ਰਾਪਤੀ ਲਈ ਸਮਰਥ ਹੈ । ਇਸ ਲਈ ਪੁਰਾਣੇ ਜੁਗਾਂ ਦੇ ਕਰਮ–ਧਰਮ ਦੇ ਸਾਧਨ ਕਾਮਯਾਬ ਨਹੀਂ ਹੋ ਰਹੇ । ਹੋਰ ਕਿਸੇ ਕਰਮ–ਧਰਮ ਦੁਆਰਾ ਮਨੁਖ ਦੀ ਹਉਮੈ ਨਹੀਂ ਮਰਦੀ । ਹਉਮੈ ਨੂੰ ਕੇਵਲ ਪ੍ਰਭੂ ਦੇ ਨਾਮ ਅਤੇ ਪ੍ਰੇਮਾ–ਭਗਤੀ ਦੁਆਰਾ ਹੀ ਮਾਰਿਆ ਜਾ ਸਕਦਾ ਹੈ । ਇਸ ਲਈ ਗੁਰੂ ਅਨੁਸਾਰੀ ਬਣਨਾ ਜ਼ਰੂਰੀ ਹੈ । —ਸੰਪਾਦਕ

ਪੁੰਨ ਦਾਨ ਜਪ ਤਪ ਜੇਤੇ, ਸਭ ਊਪਰਿ ਨਾਮੁ ॥
ਹਰਿ ਹਰਿ ਰਸਨਾ ਜੋ ਜਪੈ, ਤਿਸੁ ਪੂਰਨ ਕਾਮੁ ॥
[ਆਸਾ ਮ: ੫, ਪੰਨਾ ੪੦੧

ਸਤਿਗੁਰੂ ਸਾਹਿਬਾਨ ਦੇ ਆਪਣੇ ਆਲੇ ਦੁਆਲੇ (milieu) ਬੇ-ਅੰਤ ਧਰਮੀ ਸਦਾਵਣਹਾਰੇ ਲੋਕੀ ਪੁੰਨ-ਦਾਨ, ਜਪ ਤਪੁ ਕਰਦੇ, ਪ੍ਰਾਸਚਿਤ ਕਰਦੇ, ਤੀਰਥਾਂ ਤੇ ਇਸ਼ਨਾਨ ਕਰਦੇ, ਅਸ਼ਟ-ਅੰਗੀ ਡੰਡਉਤ ਕਰਦੇ, ਲਿਟਦੇ ਰਿੜ੍ਹਦੇ ਦੇਵ-ਅਸਥਾਨਾਂ ਤੇ ਜਾ ਕੇ ਪੂਜਾ ਕਰਦੇ, ਵਰਤ, ਸੁਚਾ ਚੌਂਕਾ ਕਰਦੇ, ਹੋਰ ਅਨੇਕਾਂ ਪ੍ਰਕਾਰ ਦੇ ਕਰੜੇ ਸਾਧਨਾਂ ਕਰਦੇ ਸਨ । ਆਨਮਤੀ ਲੋਕਾਂ ਦਾ ਇਹ ਵਿਸ਼ਵਾਸ ਸੀ ਅਤੇ ਹੁਣ ਭੀ ਹੈ ਕਿ ਜਿਤਨੇ ਕਰੜੇ ਸਾਧਨ ਕੀਤੇ ਜਾਣ (ਪਾਣੀ ਵਿਚ ਖੜੇ ਹੋ ਕੇ ਤਪ ਕਰਨਾ, ਭੁਖੇ ਤਿਹਾਏ ਰਹਿ ਕੇ ਜਪ ਕਰਨਾ, ਬਰਫ਼ਾਂ ਵਿਚ ਰਹਿ ਕੇ ਕਠਨ ਤਪੱਸਿਆ ਕਰਨੀ, ਤਿਖੀਆਂ ਸੂਲਾਂ ਦੀ ਸੇਜ ਤੇ ਸੌਣਾ ਆਦਿ), ਉਤਨਾ ਜਲਦੀ ਅਤੇ ਉਤਨਾ ਹੀ ਜ਼ਿਆਦਾ, ਦੇਵੀ ਜਾਂ ਦੇਵਤਾ ਪ੍ਰਸੰਨ ਹੁੰਦਾ ਹੈ ਤੇ ਵਰਦਾਨ ਦਿੰਦਾ ਹੈ । ਘਟੋ ਘਟ ਪੁਰਾਤਨ ਪੌਰਾਣਿਕ ਮਿਥਿਹਾਸਕ ਕਥਾਵਾਂ ਵਿਚ ਤਾਂ ਇਹੋ ਹੀ ਸਿਧਾਂਤ ਕੰਮ ਕਰਦਾ ਦਿਸਦਾ ਹੈ । ਅਤੇ ਇਸੇ ਤੋਂ ਹੀ ਹਿੰਦੂ ਸਮਾਜ ਨੇ ਸੇਧ ਲੈ ਕੇ ਕਰਮ-ਧਰਮ ਦਾ ਰਾਹ ਅਪਣਾਇਆ ਲਗਦੈ ।

ਪਰ ਸਤਿਗੁਰੂ ਸਾਹਿਬਾਨ ਨੇ ਕਰਮ ਧਰਮ ਦੇ ਰਾਹੇ ਤੁਰਨ ਤੋਂ ਆਪਣੇ ਸਿਖਾਂ ਨੂੰ ਵਰਜਿਆ ਤੇ ਚਿਤਾਵਨੀ ਦਿੱਤੀ ਕਿ ਇਸ ਰਾਹੇ ਜਾਣ ਵਾਲਿਆਂ ਨੂੰ ਕਾਮਜਾਬੀ ਨਹੀਂ ਹੁੰਦੀ—

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥੧॥
(ਸੂਹੀ ਮ: ੫, ਪੰਨਾ ੭੪੭)

ਕਰਮ ਧਰਮ ਦੀ ਸਤਿਗੁਰੂ ਜੀ ਸੋਰਠਿ ਰਾਗ ਵਿਚ ਪੰਨਾ ੬੪੧ ਉਤੇ ਕਾਫ਼ੀ ਵਿਸਥਾਰ ਨਾਲ ਵਿਆਖਿਆ ਕਰਦੇ ਹਨ–ਜਿਵੇਂ ਵੇਦਾਂ ਦੇ ਪਾਠ, ਨਿਵਲੀ ਕਰਮ, ਮੋਨ ਧਾਰਨਾ, ਤੀਰਥਾਂ ਤੇ ਇਸ਼ਨਾਨ, ਹਰ ਪ੍ਰਕਾਰੀ ਦਾਨ-ਪੁੰਨ, ਜੋਗੀਆਂ ਦੇ ਆਸਣ ਆਦਿ; ਪਰ ਅੰਤ ਸਿੱਟਾ ਇਹੋ ਹੀ ਕਢਦੇ ਹਨ–

ਪਿਆਰੇ ਇਨ ਬਿਧਿ ਮਿਲਣੁ ਨ ਜਾਈ, ਮੈ ਕੀਏ ਕਰਮ ਅਨੇਕਾ ॥
ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥੧॥ਰਹਾਉ॥
(ਸੋਰਠਿ ਮ: ੫, ਪੰਨਾ ੬੪੧)

ਗੁਰਮਤਿ ਅੰਦਰ ਨਾਮ ਦੀ ਇਤਨੀ ਮਹਾਨਤਾ ਦਰਸਾਈ ਗਈ ਹੈ ਕਿ :–

ਨਾਮੈ ਹੀ ਤੇ ਸਭੁ ਕਿਛੁ ਹੋਆ, ਬਿਨੁ ਸਤਿਗੁਰ ਨਾਮੁ ਨ ਜਾਪੈ ॥



www.AKJ.Org

ਗੁਰ ਕਾ ਸਬਦੁ ਮਹਾ ਰਸੁ ਮੀਠਾ, ਬਿਨੁ ਚਾਖੇ ਸਾਦੁ ਨ ਜਾਪੈ ॥੧॥

(ਸੂਹੀ ਮ: ੩, ਪੰਨਾ ੭੫੩)

ਸ੍ਰੀ ਗੁਰੂ ਨਾਨਕ ਦੇਵ ਜੀ ਜਪੁਜੀ ਸਾਹਿਬ ਵਿਚ ਇਸ ਸਿਧਾਂਤ ਦਾ ਮੁਢ ਬੰਨ੍ਹਦੇ ਹੋਏ ਫੁਰਮਾਉਂਦੇ ਹਨ:-

ਜੇਤਾ ਕੀਤਾ ਤੇਤਾ ਨਾਉ ॥ ਵਿਣੁ ਨਾਵੈ ਨਾਹੀ ਕੋ ਥਾਉ ॥੧੯॥

(ਜਪੁਜੀ, ਪੰਨਾ ੪)

ਜੇਕਰ ਨਾਮ ਤੋਂ ਹੀ ਸਮੁਚੀ ਰਚਨਾ ਸਾਜੀ ਗਈ ਹੈ ਤਾਂ ਐਸੇ ਨਾਮ ਦੀ ਮਹਾਨਤਾ ਕਉਣ ਦਸ ਸਕਦਾ ਹੈ ਤੇ ਕਉਣ ਸਮਝਾ ਸਕਦਾ ਹੈ ? ਉਤਰ ਬੜਾ ਸਪਸ਼ਟ ਦਿਤਾ ਗਿਆ ਹੈ-

''ਬਿਨੁ ਸਤਿਗੁਰ ਨਾਮੁ ਨ ਜਾਪੈ ॥''

ਕਲਜੁਗ ਵਿਚ ਅਕਾਲ ਪੁਰਖ ਜੀ ਨੇ ਪੁਰਾਣਾ ਅਵਤਾਰ-ਧਾਰਨ ਵਾਲਾ (ਢੰਗ) ਹੀ ਖ਼ਤਮ ਕਰ ਦਿੱਤਾ। ਅਤੇ ਉਸਦੀ ਥਾਉਂ ਸਤਿਗੁਰੂ-ਪ੍ਰਣਾਲੀ ਦਾ ਵਿਕਾਸ ਕੀਤਾ ਗਿਆ ਜਿਸ ਵਿਚ ਗੁਰੂ, ਰੱਬੀ ਸ਼ਬਦ ਰਾਹੀਂ ਪ੍ਰਾਣੀ ਮਾਤਰ ਦਾ ਉਧਾਰ ਕਰਦਾ ਆਇਆ ਹੈ। ਫਿਰ ਜੇਕਰ ਭਾਗ ਚੰਗੇ ਹੋਣ ਤਾਂ ਜਗਿਆਸੂ ਦੀ ਆਤਮਕ ਅਵਸਥਾ ਅਨੁਸਾਰ ਹੀ ਸਤਿਗੁਰੂ ਬਖਸ਼ਸ਼ ਕਰਦਾ ਹੈ।

ਕਰਮਿ ਮਿਲੈ ਆਖਣੁ ਤੇਰਾ ਨਾਉ ॥ ਜਿਤੁ ਲਗਿ ਤਰਣਾ ਹੋਰੁ ਨਹੀ ਥਾਉ ॥੪॥੩॥੫॥

(ਧਨਾਸਰੀ ਮ: ੧—੬੬੨)

ਕਿਉਂਕਿ— ਨਾਮੁ ਧਿਆਏ ਤਾ ਸਤਿਗੁਰ ਭਾਏ, ਜੋ ਇਛੇ ਸੋ ਫਲੁ ਪਾਏ ॥

ਨਾਨਕ ਤਿਸ ਦਾ ਸਭੁ ਕਿਛੁ ਹੋਵੈ, ਜਿ ਵਿਚਹੁ ਆਪੁ ਗਵਾਏ ॥੮॥੧॥ (ਸੂਹੀ ਮ: ੩—੭੫੪)

ਸਾਡਾ ਅੱਜ ਦਾ ਬੁਧੀਜੀਵੀ ਵਰਗ ਇਸ ਨਾਜ਼ਕ ਜਿਹੀ ਪਰੰਪਰਾ ਨੂੰ ਸ਼ਾਇਦ ਨਹੀਂ ਸਮਝ ਸਕਿਆ। ਨਾਜ਼ਕ ਇਸ ਲਈ, ਕਿਉਂਕਿ ਇਸ ਪਰੰਪਰਾ ਵਿਚ ਸਿੱਖ ਅਤੇ ਗੁਰੂ ਵਿਚਕਾਰ ਬੜਾ ਹੀ ਸੂਖਮ ਰਿਸ਼ਤਾ ਹੈ, ਜਿਸ ਦਾ ਆਧਾਰ ਹੈ ਭੈ-ਭਾਵਨੀ, ਪੂਰਨ ਵਿਸ਼ਵਾਸ ਅਤੇ ਸਿਦਕ-ਭਰੋਸਾ। ਬੁੱਧੀਜੀਵੀ ਸਮਝਦਾ ਹੈ ਕਿ ਦੋ ਤੇ ਦੋ ਚਾਰ ਵਾਂਗ ਨਾਮ ਜਪਣਾ ਭੀ ਇਕ ਖੇਡ ਹੈ। ਸੋ ਸਤਿਗੁਰੂ ਪਾਸੋਂ ਗੁਰ ਦੀਖਿਆ ਲਏ ਬਿਨਾਂ ਉਹ ਆਪਣੀ ਮਨ ਮਰਜ਼ੀ ਨਾਲ ਨਾਮ ਜਪਣ ਦੀ ਕੋਸ਼ਿਸ਼ ਕਰਦਾ ਹੈ।

ਪਰ :— ਮਨਮੁਖ ਭਗਤਿ ਕਰਹਿ ਬਿਨੁ ਸਤਿਗੁਰ, ਵਿਣੁ ਸਤਿਗੁਰ ਭਗਤਿ ਨ ਹੋਈ ਰਾਮ ॥

ਹਉਮੈ ਮਾਇਆ ਰੋਗਿ ਵਿਆਪੇ, ਮਰਿ ਜਨਮਹਿ ਦੁਖੁ ਹੋਈ ਰਾਮ ॥੩॥

(ਸੂਹੀ ਮ: ੩—੭੬੮)

ਗੁਰੂ ਅਨੁਸਾਰੀ ਬਣ ਕੇ ਨਾਮ ਜਪਣ ਵਿਚ ਤੇ ਆਪਹੁਦਰਾ ਬਣ ਕੇ ਨਾਮ ਜਪਣ ਵਿਚ ਬੜਾ ਫ਼ਰਕ ਹੈ। ਗੁਰੂ ਅਨੁਸਾਰੀ ਜਗਿਆਸੂ ਤਾਂ ਆਪਣਾ ਆਪਾ ਮਿਟਾ ਕੇ ਨਾਮ ਜਪਦੇ ਹਨ, ਤੇ ਗੁਰੂ ਅਤੇ ਅਕਾਲ ਪੁਰਖ ਨਾਲ ਅਭੇਦ ਹੋ ਜਾਂਦੇ ਹਨ—

ਹਰਿ ਭਗਤਿ ਕਰਹਿ ਵਿਚਹੁ ਆਪੁ ਗਵਾਵਹਿ, ਜਿਨ ਗੁਣ ਅਵਗਣ ਪਛਾਣੇ ਰਾਮ ॥

ਗੁਣ ਅਉਗਣ ਪਛਾਣੈ ਹਰਿ ਨਾਮੁ ਵਖਾਣੈ, ਭੈ ਭਗਤਿ ਮੀਠੀ ਲਾਗੀ ॥੨॥

(ਸੂਹੀ ਮ: ੩ ਘਰੁ ੩—੭੬੮)

ਪਰ ਜਿੰਨਾ ਚਿਰ ਕੋਈ ਮਨ-ਅਨੁਸਾਰੀ ਬਣਿਆ ਰਹਿੰਦਾ ਹੈ ਉਸਨੂੰ ਗੁਰੂ ਦੇ ਸ਼ਬਦ ਦੀ ਸੋਝੀ ਕਿਵੇਂ ਆ ਸਕਦੀ ਹੈ ਅਤੇ ਸ਼ਬਦ ਦੀ ਸੂਝ ਤੋਂ ਬਿਨਾਂ ਆਤਮਕ ਵਿਕਾਸ ਸੰਭਵ ਨਹੀਂ।

ਹਉਮੈ ਵਿਚਿ ਜਗੁ ਬਿਨਸਦਾ ਮਰਿ ਜੰਮੈ ਆਵੈ ਜਾਇ ॥

ਮਨਮੁਖ ਸਬਦੁ ਨ ਜਾਣਨੀ ਜਾਸਨਿ ਪਤਿ ਗਵਾਇ ॥੩॥੫੨॥ (ਸਿਰੀ ਰਾਗ ਮ: ੩, ਪੰਨਾ ੩੩)

ਇਉਂ ਗੁਰੂ ਤੋਂ ਬਿਨਾਂ ਸ਼ਬਦ ਦੀ ਜਾਂ ਨਾਮ ਦੀ ਕਮਾਈ ਅਤੇ ਵਡਿਆਈ ਦਾ ਪਤਾ ਨਹੀਂ ਲਗਦਾ।



www.AKJ.Org

# ਘਰ ਫੁੱਟਾ ਦਹਿਸਿਰ ਮਾਰਿਆ

[ ਭਾਈ ਮੋਹਨ ਸਿੰਘ ਜੀ ਵੈਦ ]

'ਦਹਿਸਿਰ' ਕੌਣ ਸੀ ? ਕਿਨ੍ਹ ਮਾਰਿਆ ? ਅਰ ਕਿੱਦਾਂ ਮਾਰਿਆ ਗਿਆ ? ਇਹ ਗੱਲਾਂ ਕੌਣ ਹੈ ਜੋ ਨਹੀਂ ਜਾਣਦਾ ਹੋਵੇਗਾ ! ਬੱਚੇ ਬੱਚੇ ਦੀ ਜ਼ਬਾਨ ਪੁਰ ਇਹ ਅਖਾਣ ਪ੍ਰਸਿੱਧ ਹੈ 'ਦਹਿਸਿਰ' 'ਰਾਵਣ' ਦਾ ਦੂਜਾ ਨਾਮ ਹੈ। ਰਾਵਣ ਇਕ ਰਾਜਾ ਲੰਕਾ ਦਾ ਸੀ, ਜੋ ਰਾਜਾ ਰਾਮ ਚੰਦਰ ਜੀ ਦੀ ਪਤਨੀ ਸੀਤਾ ਜੀ ਨੂੰ ਬਨਬਾਸ ਸਮੇਂ ਪੰਚਬਟੀ ਦੇ ਵਿਚੋਂ ਚੁਰਾ ਕੇ ਲੈ ਗਿਆ। ਰਾਜਾ ਰਾਮ ਚੰਦਰ ਜੀ ਨੇ ਆਪਣੀ ਪਤਨੀ ਦੀ ਪਤ ਅਬਰੋ ਧਰਮ ਤੇ ਜਿੰਦ ਜਾਨ ਬਚਾਣ ਹਿਤ ਸੈਨਾ ਇਕੱਤ੍ਰ ਕਰ ਕੇ ਲੰਕੇਸ਼ ਪਰ ਧਾਵਾ ਕੀਤਾ, ਅਰ ਬਹੁਤ ਸਾਰੇ ਜੁਧ ਜੰਗ ਦੇ ਮਗਰੋਂ ਲੰਕਾ-ਪਤੀ ਰਾਵਣ ਨੂੰ ਮਾਰ ਕੇ ਆਪਣੀ ਪਰਮ ਪ੍ਰਿਯ ਧਰਮ ਪਤਨੀ ਸੀਤਾ ਨੂੰ ਛੁਡਾ ਲਿਆਏ। ਪਰ ਉਸ ਦੇ ਮਾਰੇ ਜਾਣ, ਲੰਕਾ ਲੁਟੀ ਜਾਣ ਤੇ ਪਤਨੀ ਮੋੜ ਲਿਆਵਣ ਵਿਚ ਮੂਲ ਕਾਰਨ ਕੀ ਸੀ ?

"ਘਰ ਫੁੱਟਾ ਦਹਿਸਿਰ ਮਾਰਿਆ।"

ਰਾਵਣ ਦਾ ਘਰ ਫੁਟ ਗਿਆ। ਬਭੀਖਣ (ਰਾਵਣ ਦਾ ਭਰਾ) ਰਾਜਾ ਰਾਮ ਚੰਦਰ ਜੀ ਨਾਲ ਮਿਲ ਗਿਆ, ਤੇ ਲੰਕਾ ਲੁਟਣ, ਫ਼ਤਹ ਕਰਨ ਜੁਧ ਕਰਨ, ਮੋਰਚੇ ਬੰਨ੍ਹਣ ਆਦਿਕ ਦੇ ਸਾਰੇ ਭੇਤ ਸ੍ਰੀ ਰਾਮ ਚੰਦਰ ਜੀ ਨੂੰ ਦਸ ਦਿਤੇ। ਬਸ ਫੇਰ ਕੀ ਸੀ–

ਲੂਟੀ ਲੰਕਾ ਸੀਸ ਸਮੇਤਿ ॥ ੫ ॥ (ਗਉੜੀ ਮ: ੧–੨੨੪)
ਇਕੁ ਲਖੁ ਪੂਤ ਸਵਾ ਲਖੁ ਨਾਤੀ ॥ ਤਿਹ ਰਾਵਨ ਘਰ ਦੀਆ ਨ ਬਾਤੀ ॥ ੨ ॥
ਚੰਦੁ ਸੂਰਜੁ ਜਾ ਕੇ ਤਪਤ ਰਸੋਈ ॥ ਬੈਸੰਤਰੁ ਜਾ ਕੇ ਕਪਰੇ ਧੋਈ ॥੩॥ (੪੮੧)

ਐਡੇ ਵਡੇ ਰਾਜੇ ਦਾ ਕੀ ਹਾਲ ਹੋਇਆ ! ਅੰਤ ਬੁਰਾ ਹੋਇਆ ! ਕਿਸ ਕੀਤਾ ? "ਫੁੱਟ" ਨੇ, ਘਰ ਦੇ ਵਿਰੋਧ ਨੇ, ਘਰ ਦੇ ਭੇਦੀ ਦੇ ਪਾੜੇ ਨੇ। ਇਸ 'ਫੁੱਟ' ਡਾਇਣ ਨੇ ਅਨੇਕਾਂ ਘਰ ਉਜਾੜੇ, ਖ਼ਾਨਦਾਨ ਤਬਾਹ ਕੀਤੇ। ਅਨੇਕਾਂ ਬਾਦਸ਼ਾਹੀਆਂ ਨੂੰ ਇਸੇ ਨੇ ਸੰਸਾਰ ਦੇ ਤਖ਼ਤੇ ਤੋਂ ਬੇਖੁਰਾ ਖੋਜ ਕਰ ਦਿਤਾ। ਇਹੋ ਡਾਇਣ ਕੌਮਾਂ ਦੇ ਲਹੂ ਨ੍ਹਾਤੀ। ਇਸੇ ਕਲਜੋਗਣੀ ਨੇ ਵਡੇ ਵਡੇ ਮਜ਼੍ਹਬ ਤੇ ਫਿਰਕੇ ਮਗਰਮਛ ਵਾਂਗ ਆਪਣੇ ਕਦੇ ਨਾ ਰਜਣ ਵਾਲੇ, ਸਤ ਜਨਮ ਦੇ ਭੁਖੇ ਢਿਡ ਵਿਚ ਹਜ਼ਮ ਕਰ ਲਏ, ਤੇ ਡਕਾਰ ਤੀਕ ਨਾ ਲਿਆ। ਇਹ ਨੀਚ ਕਿਸੇ ਨੂੰ ਉਚੀ ਅਟਾਰੀ ਚੜ੍ਹਿਆ ਵੇਖ ਨਹੀਂ ਸੁਖਾਉਂਦੀ। ਬਸ ਇਸ ਦਾ ਘਾਤ ਲਗਾ ਨਹੀਂ ਕਿ ਧੈਂ ਕਰਕੇ ਭੁਇੰ ਤੇ ਪਟਕਿਆ ਨਹੀਂ। ਨਾ ਇਸ ਨੂੰ ਆਪਣੇ ਦਾ ਲਿਹਾਜ਼, ਨਾ ਪਰਾਏ ਦਾ ਡਰ, ਨਾ ਧਰਮ ਦੀ ਪਰਵਾਹ, ਨਾ ਕੌਮ ਦਾ ਖ਼ੌਫ਼। ਗੱਲ ਕੀ, ਇਸ ਪਾਪਣ ਨੂੰ ਰੱਬ ਕਰਤਾਰ ਦਾ ਵੀ ਭਉ ਨਹੀਂ। ਚਾਰ ਆਦਮੀ ਇਕੱਠੇ ਬੈਠ ਜਾਣ ਸਹੀ, ਬਸ ਇਸ ਦੀ ਅੱਗ ਦਾ ਪਾਰਾ ਹਦ ਤੋਂ ਪਰਲੇ ਪਾਰ ਟੱਪ ਜਾਂਦਾ ਹੈ।

ਹਿੰਦੁਸਤਾਨ ਵਿਚ ਕੀ ਕੀ ਅਨਰਥ ਇਸ ਹਤਿਆਰਨ ਨੇ ਨਹੀਂ ਕੀਤੇ। ਕਿਸ ਤਰ੍ਹਾਂ ਹਿੰਦੂ ਰਾਜੇ ਬਰਬਾਦ ਹੋਏ, ਕਿਸ ਤਰ੍ਹਾਂ ਗੋਰੀਆਂ, ਤੁਰਕਾਂ ਤੇ ਮੁਗਲਾਂ ਦੀ ਕਲਗੀ ਅਕਾਸ਼ ਪਹੁੰਚੀ। ਨੌਂ ਸੌ ਸਾਲ ਦੀ ਲੰਮੀ ਹੋਈ ਮੁਸਲਮਾਨੀ ਸਲਤਨਤ ਕਿਸ ਤਰ੍ਹਾਂ ਉਡੀ ! ਪੰਜਾਬ ਦੇਸ ਕਿਸ ਤਰ੍ਹਾਂ ਸਿਖਾਂ ਨੇ ਫਤਹ ਕੀਤਾ, ਅਰ ਕਿਸ ਤਰ੍ਹਾਂ ਘਰ ਘਰ ਤੇ ਹੰਨੇ ਹੰਨੇ ਮੀਰੀ ਨੇ ਬਹਾਦਰ ਸਿਖ ਕੌਮ ਦੀ ਜੜ੍ਹੀਂ ਤੇਲ ਦਿਤਾ ! ਕਿਸ ਤਰ੍ਹਾਂ "ਟ੍ਰੈਟਰ" ਪੈਦਾ ਹੋਏ, ਕਿਸ ਤਰ੍ਹਾਂ ਘਰ ਫੁਟਿਆ, ਤੇ ਕਿਸ ਤਰ੍ਹਾਂ ਪੰਜਾਬ ਦਾ ਰਾਜ ਸਿਖ ਹਥੋਂ ਦੇ ਬੈਠੇ !

ਇਹ ਸਭ ਇਤਿਹਾਸਕ ਗੱਲਾਂ ਹਨ, ਜੋ ਹਰ ਕੋਈ ਇਨ੍ਹਾਂ ਨੂੰ ਜਾਣਦਾ ਬੁਝਦਾ ਹੈ।

ਇਹ ਸਭ "ਫੁੱਟ" ਅਰਥਾਤ "ਨਾ-ਇਤਫ਼ਾਕੀ" ਦੇ ਕਾਰਨ ਹਨ; ਜੋ ਆਪਣੇ ਅਨੇਕ ਢੰਗਾਂ ਨਾਲ ਕੌਮਾਂ ਤੇ ਦੇਸ਼ਾਂ ਨੂੰ ਪਾਟੋ ਧਾੜ ਕਰ ਕੇ ਆਪਣਾ ਉੱਲੂ ਸਿਧਾ ਕਰ ਰਹੀ ਹੈ। ਇਸ ਦੇ ਫਟ ਐਸੇ ਡੂੰਘੇ ਲਗਦੇ ਹਨ ਕਿ ਇਸ ਦੀ ਵਾਢਵੀਂ ਤਲਵਾਰ ਦਾ ਫਟੜ ਪ੍ਰਾਣ ਦੇ ਕੇ ਹੀ ਮੰਜਿਓਂ ਹਿਲਦਾ ਹੈ। ਉਹ ਵੀ ਇਸ ਲਈ ਕਿ



www.AKJ.Org

ਮੰਜਿਓਂ ਉਤਾਰ ਕੇ ਤਖ਼ਤੇ ਪਰ ਪਾਇਆ ਜਾਵੇ।

ਕੌਮਾਂ ਦੇ ਆਗੂ, ਦੇਸ਼ਾਂ ਦੇ ਹਿਤਕਾਰੀ, ਮਜ਼੍ਹਬਾਂ ਤੇ ਧਰਮਾਂ ਦੇ ਲੀਡਰ ਇਸ ਦੇ ਚੀਰਵੇਂ ਨਸ਼ਤਰਾਂ ਨੂੰ ਖੁੰਢੇ ਕਰਨ ਵਾਸਤੇ ਥਾਉਂ ਥਾਈਂ ਹਥ ਪੈਰ ਮਾਰਦੇ ਰਹੇ, ਅਰ ਮਾਰ ਰਹੇ ਹਨ, ਰੋਗ ਵਧਦਾ ਹੀ ਜਾਂਦਾ ਹੈ, ਜਿਉਂ ਜਿਉਂ ਦਵਾ ਕੀਤੀ।

ਕਾਰਨ ਇਹ ਕਿ ਅਸਾਂ ਜਗਤ ਗੁਰੂ, ਗੁਰੂ ਨਾਨਕ ਦੇ ਢੰਡੋਰੇ ਨੂੰ ਨਾ ਸੁਣਿਆ, ਅਤੇ ਨਾ ਉਸ ਦੇ ਅਨੁਸਾਰ ਧਾਰਨਾ ਧਾਰੀ। ਗੁਰੂ ਨਾਨਕ, ਹਾਂ ਜਗਤ ਦਾ ਤਾਰਨਹਾਰ ਗੁਰੂ ਨਾਨਕ "ਸਤਿਗੁਰ ਨਾਨਕ ਦੇਉ ਗੁਰਾਂ ਗੁਰ ਹੋਇਆ",* ਇਸ ਤਪਦੇ ਅਰ ਸੜ ਬਲ ਰਹੇ ਜਗਤ ਵਿਚ ਲੋਕਾਂ ਨੂੰ ਇਹ ਦਸਣ ਵਾਸਤੇ ਆਇਆ ਕਿ ਤੁਸੀਂ ਆਪੋ ਵਿਚ ਲੜੋ ਨਾ, ਪ੍ਰੇਮ ਕਰੋ ਅਰ ਪ੍ਰੇਮ ਕਰੋ।

ਫੁੱਟ ਦੇ ਕਾਰਨ ਕੀ ਹਨ :–

(ੳ) ਮਜ਼੍ਹਬੀ ਖਿਚਾ ਖਿਚੀ। (ਅ) ਆਪਣੇ ਆਪ ਨੂੰ ਦੂਜਿਆਂ ਨਾਲੋਂ ਚੰਗਾ ਅਰ ਵਡਾ ਸਮਝਣਾ। (ੲ) ਆਪ ਦੂਜੇ ਤੋਂ ਵਡਾ ਹੋਣ ਤੇ ਚੰਗਾ ਅਰ ਉਚਾ ਬਣਨ ਦੀ ਖ਼ਾਤਰ ਦੂਜੇ ਨਾਲ ਲੜਨਾ ਝਗੜਨਾ, ਈਰਖਾ ਵਿਵਾਦ ਕਰਨਾ, ਤੇ ਦੂਜੇ ਦਾ ਵਿਰੋਧ ਹਰ ਸਮੇਂ ਕਰਨਾ ਤੇ ਉਸ ਨੂੰ ਤਕਲੀਫ਼ਾਂ ਪਾ ਕੇ ਲੋਕਾਂ ਵਿਚ ਡੇਗਣਾ। (ਸ) ਕਿਸੇ ਉਚੇ ਪਾਸੋਂ ਆਪ ਸਤ ਕੇ ਯਾ ਦੁਖ ਕੇ ਆਪਣੇ ਬਚਾਉ, ਯਾ ਉਸ ਦੇ ਹੇਠਾਂ ਡੇਗਣ ਲਈ ਯਤਨ ਕਰਨੇ। (ਹ) ਭਰਾਤ੍ਰੀ ਭਾਵ ਅਰ ਆਪਣੇ ਔਗੁਣਾਂ ਦੀ ਵਿਚਾਰ ਤੋਂ ਥੋਥੇ ਰਹਿਣਾ।

ਸਭ ਕਾਰਨਾਂ ਵਿਚੋਂ ਇਕੋ ਹੀ ਬੋ ਆ ਰਹੀ ਹੈ ਕਿ "ਮੈਂ ਵਡਾ ਹੋਵਾਂ, ਮੈਂ ਉਚਾ ਹੋਵਾਂ, ਸੁਖੀ ਹੋਵਾਂ, ਤੇ ਮੇਰੀ ਬਰਾਬਰੀ ਕੋਈ ਨਾ ਕਰੇ।"

ਪਰ ਹੇ ਸਜਣੋ, ਗੁਰੂ ਨਾਨਕ ਜੀ ਨੇ ਇਨ੍ਹਾਂ ਸਭ ਕਾਰਨਾਂ ਦੇ ਮਲੀਆਮੇਟ ਕਰਨ ਵਿਚ ਕੋਈ ਕਸਰ ਨਹੀਂ ਛਡੀ, ਤੇ ਅਫ਼ਸੋਸ! ਇਕ ਅਸਾਂ ਆਪੋ ਆਪਣੀ ਹੈਂਕੜ ਦੀ ਬੰਨ੍ਹ ਵਿਚ ਡੁੱਬ ਕੇ ਹਿੰਦੂ, ਮੁਸਲਮਾਨ, ਈਸਾਈ, ਬੋਧੀ, ਜੈਨੀ, ਗੱਲ ਕੀ ਸਭ ਪ੍ਰਾਣੀ ਮਾਤਰ ਦੇ ਸਾਂਝੇ ਅਰ ਸਭ ਦਾ ਇਕ-ਸਾਰ ਭਲਾ ਮੰਗਣ ਵਾਲੇ ਸ੍ਰੀ ਗੁਰੂ ਨਾਨਕ ਦੀ ਗੱਲ ਨਾ ਸੁਣੀ। ਨਹੀਂ ਤਾਂ ਅਸੀਂ ਇਹਨਾਂ ਕਦੋ ਦੇ ਦੁਖਾਂ ਤੋਂ ਛੁਟਕਾਰਾ ਪਾ ਕੇ ਪਰਲੇ ਪਾਰ ਲੰਘ ਗਏ ਹੁੰਦੇ।

ਪਿਆਰੇ ਭਰਾਵੋ ਤੇ ਭੈਣੋ! ਸੁਣੋ ਗੁਰੂ ਨਾਨਕ ਦਾ ਪ੍ਰਚਾਰਿਆ ਹੋਇਆ ਸਚਾ ਹੋਕਾ (ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੜ੍ਹਨ ਜਾਂ ਸੁਣਨ ਤੇ ਪਤਾ ਲਗਦਾ ਹੈ) ਕੀ ਦਸਦਾ ਹੈ :–

(ੳ) ਮਜ਼੍ਹਬੀ ਖਿਚਾ ਖਿਚੀ–

–ਪੰਡਿਤ ਦਹੀ ਬਿਲੋਈਐ ਭਾਈ ਵਿਚਹੁ ਨਿਕਲੈ ਤਥੁ ॥
ਜਲੁ ਮਥੀਐ ਜਲੁ ਦੇਖੀਐ ਭਾਈ ਇਹੁ ਜਗੁ ਏਹਾ ਵਥੁ ॥੫॥ (ਸੋਰਠਿ ਮ: ੧ ਤਿਤੁਕੀ–੬੩੫)

ਤੇ–ਸਰਬ ਧਰਮ ਮਹਿ ਸ੍ਰੇਸਟ ਧਰਮੁ ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥੮॥੩॥ ਸੁਖਮਨੀ–੨੬੬

ਸਭ ਕੋਈ ਇਸ ਧਰਮ ਨੂੰ ਧਾਰਨ ਕਰੋ। ਰੱਬ ਇਕ ਹੈ, ਦੋ, ਦਸ, ਵੀਹ, ਪੰਜਾਹ ਨਹੀਂ। ਉਸੇ ਦਾ ਸਿਮਰਨ ਕਰੋ, ਉਸੇ ਨੂੰ ਜਪੋ, ਉਸੇ ਨੂੰ ਧਿਆਓ, ਉਸੇ ਦਾ ਚਿੰਤਨ ਕਰੋ, ਬੰਦਗੀ ਕਰੋ ਅਰ ਬੰਦੇ ਬਣੋ। ਤੇ ਆਚਰਣ, ਵਰਤਣ ਵਿਹਾਰ ਸ਼ੁਧ ਕਰੋ।

(ਅ) ਆਪਣੇ ਆਪ ਨੂੰ ਚੰਗਾ ਸਮਝਣਾ–

–ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥
ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥੭॥ [ਸਲੋਕ ਕਬੀਰ ਜੀ–੧੩੬੪)

ਤੇ–ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥

*ਭਾਈ ਗੁਰਦਾਸ ਜੀ ਵਾਰ ੩੧, ਪਉੜੀ ੨



www.AKJ.Org

ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥੪॥੩॥ (ਸਿਰੀਰਾਗੁ ਮ: ੧–੧੫)

ਪੁਨਾ–ਆਪਸ ਕਉ ਜੋ ਜਾਣੈ ਨੀਚਾ ॥ ਸੋਊ ਗਨੀਐ ਸਭ ਤੇ ਊਚਾ ॥੬॥੩॥ ਸੁਖਮਨੀ–੨੬੬

ਪੁਨਾ–ਸਿਰੁ ਨਾਨਕ ਲੋਕਾ ਪਾਵ ਹੈ ॥੪॥੨॥ (ਮ: ੧ ਬਸੰਤੁ–੧੧੬੮)

(ੲ) ਆਪ ਵਡਾ ਤੇ ਉਚਾ ਬਣਨ ਦੀ ਖ਼ਾਤਰ ਦੂਜਿਆਂ ਨੂੰ ਡੇਗਣਾ–

–ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥ (ਪ੍ਰਭਾਤੀ ਕਬੀਰ ਜੀ–੧੩੪੯)

–ਊਚਾ ਚੜੈ ਸੁ ਪਵੈ ਪਇਆਲਾ ॥ ਧਰਨਿ ਪੜੈ ਤਿਸੁ ਲਗੈ ਨ ਕਾਲਾ ॥ ੩ ॥

(ਆਸਾ ਮਹਲਾ ੫, ਪੰਨਾ ੩੨੪)

–ਅਹਿਰਿਖਵਾਦੁ ਨ ਕੀਜੈ ਰੇ ਮਨ ॥ ਸੁਕ੍ਰਿਤੁ ਕਰਿ ਕਰਿ ਲੀਜੈ ਰੇ ਮਨ ॥੧॥ਰਹਾਉ॥

(ਆਸਾ ਕਬੀਰ ਜੀਉ–੪੭੯)

–ਆਪਸ ਕਉ ਕਰਿ ਕਛੁ ਨ ਜਨਾਵੈ ॥੨॥੧੮॥ (ਸੁਖਮਨੀ–੨੮੬)

–ਬਾਟ ਪਾਰਿ ਘਰੁ ਮੂਸਿ ਬਿਰਾਨੋ ਪੇਟੁ ਭਰੈ ਅਪ੍ਰਾਧੀ ॥

ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ ॥੨॥ (ਸਾਰੰਗ ਭਗਤ ਪਰਮਾਨੰਦ–੧੨੫੩)

(ਸ) ਕਿਸੇ ਪਾਸੋਂ ਦੁਖੀ ਹੋ ਕੇ ਉਸ ਨੂੰ ਡੇਗਣਾ–

–ਫਰੀਦਾ ਜੋ ਤੈ ਮਾਰਨਿ ਮੁਕੀਆ ਤਿਨਾ ਨ ਮਾਰੇ ਘੁੰਮਿ ॥

ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ ॥ ੭ ॥ (ਸਲੋਕ ਫਰੀਦ ਜੀ–੧੩੭੮)

–ਖਿਮਾ ਵਿਹੂਣੇ ਖਪਿ ਗਏ ਖੂਹਣਿ ਲਖ ਅਸੰਖ ॥......੪੯॥ (ਦਖਣੀ ਓਅੰਕਾਰੁ, ਪੰਨਾ ੯੩੭)

(ਹ) ਸਭ ਤੋਂ ਵਡੀ ਗਲ

–ਖਾਲਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਈ ॥੧॥ਰਹਾਉ॥

(ਪ੍ਰਭਾਤੀ ਕਬੀਰ ਜੀ–੧੩੪੯-੫੦)

–ਏਕੁ ਪਿਤਾ ਏਕਸ ਕੇ ਹਮ ਬਾਰਿਕ......॥ (ਸੋਰਠਿ ਮ: ੫ ਘਰੁ ੨, ਪੰਨਾ ੬੧੧)

–ਸਭੁ ਕੋ ਮੀਤੁ ਹਮ ਆਪਨ ਕੀਨਾ, ਹਮ ਸਭਨਾ ਕੇ ਸਾਜਨ ॥

ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ ॥੩॥੩॥ (ਧਨਾਸਰੀ ਮ: ੫–੬੭੧)

–ਮਨ ਅਪੁਨੇ ਤੇ ਬੁਰਾ ਮਿਟਾਨਾ ॥ ਪੇਖੈ ਸਗਲ ਸ੍ਰਿਸਟਿ ਸਾਜਨਾ ॥੬॥੩॥ ਸੁਖਮਨੀ–੨੬੬

ਇਹ ਗੁਰੂ ਨਾਨਕ ਦੀ ਸਿਖਿਆ ਹੈ। ਇਹੋ ਗੁਰੂ ਨਾਨਕ ਦਾ ਮਿਸ਼ਨ ਹੈ । ਜੇਕਰ ਇਨ੍ਹਾਂ ਪਰ ਅਮਲ ਹੋਵੇ, ਫੇਰ ਕਦੇ ਦੁਖ ਹੋ ਸਕਦਾ ਹੈ ? ਕਦੇ ਫੁੱਟ ਆ ਸਕਦੀ ਹੈ ?

ਬਸ ਸਜਣੋ, ਫੁੱਟ ਦੇ ਹਥੋਂ ਦੁਖੇ ਹੋਏ ਅਰ ਇਸ ਤੋਂ ਬਚਣ ਦੇ ਅਭਿਲਾਖੀ ਦੇਸ਼ਾਂ ਤੇ ਕੌਮਾਂ ਦੇ ਹਿਤਕਾਰੀ ਹਿੰਦੂ, ਮੁਸਲਮਾਨ, ਸਿਖ ਹਰੇਕ ਮਤ ਦੇ ਵੀਰੋ ! ਗੁਰੂ ਨਾਨਕ ਦੀ ਸ਼ਰਨ ਲਵੋ । ਇਸ ਸਚੇ ਹਾਦੀ ਦੇ ਝੰਡੇ ਥਲੇ ਆ ਕੇ ਇਸ ਦੇ ਦਸੇ ਹੋਏ ਸਚੇ ਸ਼ਸਤ੍ਰ ਨੂੰ ਫੜ ਲਵੋ। ਹਰੇਕ ਨਾਲ, ਉਚੇ ਨਾਲ ਨੀਵੇਂ ਨਾਲ, ਜ਼ਾਤੀ ਭੇਦ ਗਵਾ ਕੇ; ਕਿਉਂਕਿ :

ਫਕੜ ਜਾਤੀ ਫਕੜੁ ਨਾਉ ॥ ਸਭਨਾ ਜੀਆ ਇਕਾ ਛਾਉ ॥੧॥੩॥ ਸਲੋਕ ਮ: ੧–੮੩

ਅਤੇ–ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥......੧॥ਰਹਾਉ ॥ (ਭੈਰਉ ਮ: ੩–੧੧੨੮)

ਆਪਣੇ ਵਾਹਿਗੁਰੂ ਦੀ ਰਚਨਾ ਅਰ ਸ੍ਰਿਸ਼ਟੀ ਜਾਣ ਕੇ ਇਕ-ਸਾਰ ਪਿਆਰ ਕਰੋ। ਜਾਤ ਪਾਤ ਦਾ ਫਰਕ ਉਡਾਓ, ਕਰਮਾਂ ਉਤੇ ਨਿਸ਼ਚਾ ਕਰੋ। ਰੱਬ ਨੂੰ ਇਕ ਮੰਨੋ। ਸ੍ਰੇਸ਼ਟ ਕਰਮ ਕਰੋ। ਨੇਕੀ ਕਰੋ, ਨੇਕੀ ਕਰੋ, ਫੇਰ ਨੇਕੀ ਕਰੋ ਤੇ ਕਦੇ ਨਾ ਰਜੋ। ਆਪਣੇ ਆਪ ਨੂੰ ਸਭ ਤੋਂ ਨੀਵਾਂ ਜਾਣੋ । ਫਿਰ ਦੇਖੋ ਕਿ ਆਪ ਦਾ ਦੇਸ਼, ਆਪਦੀ ਕੌਮ, ਆਪਦੇ ਘਰ ਦੇ, ਆਪ ਦੇ ਖ਼ਾਨਦਾਨ ਕੈਸੇ ਸੁਖੀ ਹੁੰਦੇ ਹਨ । ਨਹੀਂ ਤਾਂ ਯਕੀਨ ਜਾਣੋ–

''ਘਰ ਫੁੱਟਾ ਦਹਿਸਿਰ ਮਾਰਿਆ।'' ਗੁਰੂ ਰਾਖਾ।

[ਪੁਸਤਕ ''ਸਿਖ ਹੈਂਡ ਬਿਲ' ਵਿਚੋਂ

www.AKJ.Org

# ਧਰਮੀ ਫ਼ੌਜੀਆਂ ਤੇ ਬਲਿਊ ਸਟਾਰ ਕੈਦੀਆਂ ਦਾ ਮਾਮਲਾ

[ਪ੍ਰਿੰਸੀਪਲ ਨਾਹਰ ਸਿੰਘ ਗਰੇਵਾਲ, ਲੁਧਿਆਣਾ]

ਅੱਜ ਸਮੂਹ ਭਾਰਤੀ, ਭਾਵੇਂ ਉਹ ਕਿਸੇ ਵੀ ਰਾਜ, ਪਾਰਟੀ, ਧਰਮ ਜਾਂ ਫ਼ਿਰਕੇ ਨਾਲ ਸੰਬੰਧਿਤ ਹੋਣ, ਹਿਤੋਂ ਚਿਤੋਂ ਪੰਜਾਬ ਦੇ ਸੰਕਟ ਦੇ ਹੱਲ ਲਈ ਆਪਣੇ ਆਪਣੇ ਸੁਝਾਉ ਦੇ ਰਹੇ ਹਨ । ਬਹੁਤੇ ਜ਼ੋਰ ਲਾ ਰਹੇ ਹਨ ਕਿ ਫੌਜੀਆਂ ਅਤੇ ਜੋਧਪੁਰ ਤੇ ਹੋਰ ਕੈਦੀਆਂ ਨੂੰ ਰਿਹਾ ਕਰਕੇ, ਸਰਕਾਰ ਆਮ ਲੋਕਾਂ ਦੀਆਂ ਸ਼ੁਭ ਇਛਾਵਾਂ ਦੀ ਕਦਰ ਕਰੇ । ਇਹ ਛੋਟਾ ਜਿਹਾ ਲੇਖ ਇਹਨਾਂ ਮਜ਼ਲੂਮਾਂ ਦੀ ਸਫਾਈ ਪੇਸ਼ ਕਰਦਾ ਹੈ ਤਾਂ ਜੁ ਸੰਕਟ ਨੂੰ ਨਜਿੱਠਣ ਵਿਚ ਮੱਦਦ ਮਿਲ ਸਕੇ ।

(੧) ਇਕ ਇਤਿਹਾਸਕ ਟੂਕ—

ਅੰਗਰੇਜ਼ੀ ਰਾਜ ਸਮੇਂ ਹਿੰਦੂ ਅਤੇ ਮੁਸਲਮਾਨ ਫ਼ੌਜੀ ਸਿਪਾਹੀਆਂ ਨੇ ੧੦ ਮਈ, ੧੮੫੭ ਨੂੰ ਮੇਰਠ ਵਿੱਚ, ਅੰਗਰੇਜ਼ੀ ਸਰਕਾਰ ਵਿਰੁੱਧ ਬਗਾਵਤ ਕਰ ਦਿੱਤੀ ਕਿ ਉਹਨਾਂ ਨੂੰ ਜੋ ਬੰਦੂਕਾਂ ਦਿੱਤੀਆਂ ਗਈਆਂ ਸਨ, ਉਹ ਗਊ ਤੇ ਸੂਰ ਦੀ ਚਰਬੀ ਨਾਲ ਚਿਕਨਾਈਆਂ ਜਾਂਦੀਆਂ ਹਨ । ਉਹਨਾਂ ਨੇ ਜੇਲ੍ਹ ਤੋੜ ਕੇ ਕੈਦੀ ਵੀ ਨਾਲ ਮਿਲਾ ਲਏ । ਬਾਗ਼ੀਆਂ ਨੇ ਮੇਰਠ, ਦਿੱਲੀ ਅਤੇ ਕਾਨਪੁਰ ਆਦਿ ਸ਼ਹਿਰਾਂ ਵਿੱਚ ਅੰਗਰੇਜ਼ ਅਫ਼ਸਰਾ, ਉਹਨਾਂ ਦੇ ਬਾਲ-ਬੱਚਿਆਂ ਤੇ ਹੋਰ ਬਰਤਾਨਵੀਆਂ ਨੂੰ ਬੇਰਹਿਮੀ ਨਾਲ ਕਤਲ ਕੀਤਾ । ਧਾਰਮਿਕ ਆਧਾਰਾਂ ਤੇ ਇਹ ਖ਼ੂਨ ਖਰਾਬਾ ਕੀਤਾ ਗਿਆ । ਅੰਗਰੇਜ਼ੀ ਸਰਕਾਰ ਦੀ ਮਹਾਰਾਣੀ ਵਿਕਟੋਰੀਆ ਨੇ ਇਕ ਨਵੰਬਰ ੧੮੫੮ ਨੂੰ ਇਸੇ ਸੰਬੰਧ ਵਿਚ, ਲੰਡਨ ਵਿਚ ਇਕ ਬੜਾ ਭਾਰੀ ਸ਼ਾਹੀ ਦਰਬਾਰ ਕੀਤਾ, ਜਿਸ ਵਿਚ ਭਾਰਤੀ ਪ੍ਰਤੀਨਿਧ ਵੀ ਸ਼ਾਮਲ ਹੋਏ । ਉਸ ਸਮੇਂ ਨਿਮਨ ਲਿਖਤ ਇਤਿਹਾਸਕ ਐਲਾਨ ਕੀਤਾ, ਜਿਸ ਵਿਚ ਹੋਰ ਰਿਆਇਤਾਂ ਤੇ ਵਾਅਦਿਆਂ ਤੋਂ ਬਿਨਾਂ ਇਹ ਵਿਸ਼ਾ ਵਸਤੂ ਵੀ ਸ਼ਾਮਲ ਸੀ :—

(੨) "ਈਸਾਈਅਤ ਦੇ ਸੱਚ-ਧਰਮ ਅਨੁਸਾਰ, ਸਾਨੂੰ ਕਿਸੇ ਤੇ ਆਪਣੇ ਧਾਰਮਿਕ ਵਿਸ਼ਵਾਸ ਥੋਪਣ ਦਾ ਕੋਈ ਹੱਕ ਨਹੀਂ । ਸਭ ਨੂੰ ਕਾਨੂੰਨ ਦੀ ਬਰਾਬਰ ਨਿਆਂਕਾਰੀ-ਰੱਖਿਆ ਪ੍ਰਾਪਤ ਹੋਵੇਗੀ । ਅਸੀਂ ਭਾਰਤੀਆਂ ਦੇ ਜਜ਼ਬਿਆਂ ਦੀ ਕਦਰ ਕਰਦੇ ਹਾਂ, ਜਿਨ੍ਹਾਂ ਸਦਕਾ ਉਹ ਆਪਣੇ ਵੱਡੇ ਵਡੇਰਿਆਂ ਦੀ ਧਰਤੀ ਨਾਲ ਸੰਬੰਧਿਤ ਹਨ । ਕਾਨੂੰਨਾਂ ਦੀ ਬਣਤਰ ਤੇ ਵਰਤੋਂ ਸਮੇਂ ਭਾਰਤੀਆਂ ਦੇ ਪੁਰਾਤਨ ਹੱਕਾਂ, ਰਸਮਾਂ, ਰਿਵਾਜਾਂ ਨੂੰ ਮੁੱਖ ਰਖਿਆ ਜਾਵੇਗਾ ।

"ਜਿਨ੍ਹਾਂ ਨੇ ਕਾਤਲਾਂ ਨੂੰ ਜਾਣ ਬੁਝ ਕੇ ਸ਼ਰਨ ਜਾਂ ਪਨਾਹ ਦਿੱਤੀ, ਜਿਨ੍ਹਾਂ ਬਾਗ਼ੀ ਲੀਡਰਾਂ ਨੇ ਉਕਸਾਊਆਂ ਅਤੇ ਭੜਕਾਊਆਂ ਵਜੋਂ ਕੰਮ ਕੀਤਾ, ਜਿਨ੍ਹਾਂ ਸੁਆਰਥੀਆਂ ਨੇ ਫੈਲਾਈਆਂ ਅਫਵਾਹਾਂ ਸੱਚ ਮੰਨ ਕੇ ਜੁਰਮ ਅਤੇ ਅਪਰਾਧ ਕੀਤੇ ਅਤੇ ਜੋ ਅਜੇ ਵੀ ਬ੍ਰਿਟਿਸ਼ ਸਰਕਾਰ ਦੇ ਵਿਰੁੱਧ ਹਥਿਆਰਬੰਦ ਹਨ, ਜਿਨ੍ਹਾਂ ਨੇ ਸਾਡੇ ਰਾਜ, ਸਾਡੇ ਤਾਜ ਤੇ ਸਾਡੀ ਅਣਖ, ਤੇਜ ਪਰਤਾਪ ਦੇ ਵਿਰੁੱਧ ਜ਼ੁਲਮ ਕੀਤੇ, ਸਭ ਨੂੰ ਬਿਨਾਂ ਸ਼ਰਤ ਆਮ ਖੁਲ੍ਹੀ ਮਾਫ਼ੀ ਦਿੱਤੀ ਜਾਂਦੀ ਹੈ । ਪਰ ਜਿਹੜੇ ਸਿੱਧੇ ਤੌਰ ਤੇ ਆਪ ਬਰਤਾਨਵੀਆਂ ਦੇ ਕਾਤਲ ਹਨ ਉਹਨਾਂ ਤੇ ਮੁਕੱਦਮੇ ਚਲਾਏ ਜਾਣਗੇ ਜਿਹਾ ਕਿ ਕਾਨੂੰਨ ਤੇ ਇਨਸਾਫ਼ ਦੀ ਮੰਗ ਹੈ (ਦੋਸ਼ ਸਾਬਤ ਹੋਣ ਤੇ ਦੰਡ ਦਿਤੇ ਜਾਣਗੇ) ।

"ਭਾਰਤ ਵਿਚ ਸਨਅਤ ਨੂੰ ਉਤਸ਼ਾਹਿਤ ਕੀਤਾ ਜਾਵੇਗਾ ਅਤੇ ਪਰਜਾ ਦੇ ਲਾਭ ਤੇ ਭਲੇ ਹਿਤ ਰਾਜ ਕੀਤਾ ਜਾਵੇਗਾ ।" ਐਲਾਨ ਵਿਚ ਸਾਫ ਦੱਸਿਆ, "ਇਹ ਭਾਰਤੀ ਲੋਕ ਹਨ, ਜਿਨ੍ਹਾਂ ਦੀ ਖੁਸ਼ਹਾਲੀ ਵਿਚ ਸਾਡੀ ਸ਼ਕਤੀ, ਜਿਨ੍ਹਾਂ ਦੀ ਤ੍ਰਿਪਤੀ ਵਿਚ ਸਾਡੀ ਰੱਖਿਆ ਅਤੇ ਜਿਨ੍ਹਾਂ ਦੀ ਸ਼ੁਕਰ-ਗੁਜ਼ਾਰੀ ਵਿੱਚ ਸਾਡਾ ਵਧੀਆ ਇਨਾਮ ਹੈ ।" ਅੰਗਰੇਜ਼ੀ ਸਰਕਾਰ ਨੂੰ ਤਾੜਨਾ ਕੀਤੀ, "ਭਾਰਤੀਆਂ ਦੇ ਧਾਰਮਿਕ ਵਿਸ਼ਵਾਸਾਂ ਅਤੇ ਪੂਜਾ-ਵਿਧੀਆਂ ਵਿੱਚ, ਉੱਕਾ ਦਖ਼ਲ ਨਾ ਦਿਉ, ਨਹੀਂ ਤਾਂ ਮੈਂ ਲੋਹੜੇ ਦੀ ਨਾਰਾਜ਼ ਹੋਵਾਂਗੀ ।" "ਸਰਬ ਸ਼ਕਤੀਮਾਨ ਪਰਮਾਤਮਾ, ਸਾਡੇ ਸਾਰੇ ਅਧਿਕਾਰੀਆਂ ਨੂੰ ਸਾਡੀਆਂ ਨੇਕ ਇਛਾਵਾਂ ਨੂੰ ਪਰਜਾ ਦੇ ਲਾਭ ਹਿਤ ਰੂਪਮਾਨ ਕਰਨ ਦੀ ਸ਼ਕਤੀ ਬਖਸ਼ੇ ।"

[ਇੰਡੀਅਨ ਕਾਂਸਟੀਚਿਊਸ਼ਨਲ ਹਿਸਟਰੀ ਦੀਆਂ ਕਿਤਾਬਾਂ—]
੧. ਡਬਲਯੂ. ਏ. ਜੀ. ਆਰਚਬੋਲਡ, ੨. ਵੀ. ਡੀ. ਮਹਾਜਨ, ੩. ਏ; ਸੀ. ਕਪੂਰ



www.AKJ.Org

(੩) ਸਿੱਖ ਸਿਪਾਹੀਆਂ ਦੀ ਵਫ਼ਾਦਾਰੀ-

ਸਿਖ ਫ਼ੌਜੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਹੱਥ ਰਖਵਾ ਕੇ ਸਰਕਾਰ ਅਤੇ ਦੇਸ਼ ਦੀ ਵਫ਼ਾਦਾਰੀ ਦੀ ਸਹੁੰ ਚੁਕਾਈ ਜਾਂਦੀ ਹੈ। ਜਿਹੜੇ ਅਫ਼ਸਰ ਸਹੁੰ ਖੁਆਉਂਦੇ ਹਨ, ਉਹ ਆਪਣੇ ਅੰਦਰ ਝਾਤੀ ਮਾਰ ਕੇ ਵਿਚਾਰ ਕਰਨ ਕਿ ਜਦੋਂ ਸਹੁੰ ਵਾਲੇ ਈਸ਼ਵਰੀ ਗ੍ਰੰਥ ਜਾਂ ਇਸ਼ਟ ਦੀਆਂ ਸੈਂਕੜੇ ਦੇਹਾਂ ਸਾੜ ਦਿੱਤੀਆਂ ਜਾਣ ਤਾਂ ਸਹੁੰ ਚੁੱਕਣ ਵਾਲਿਆਂ ਕੀ ਪ੍ਰਤੀਕੂਲ ਹੋਵੇਗਾ ? ਉਹੀ, ਜਿਹੜਾ ਫ਼ੌਜੀ ਭਗੌੜਿਆਂ ਦਾ ਹੋਇਆ, ਨਹੀਂ ਤਾਂ ਇਹ ਸਹੁੰਦਾ ਇਕ ਮਜ਼ਾਕ ਹੈ।

(੪) ਸਿੱਖ ਫ਼ੌਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸੱਚੇ ਸਿੰਘ ਵਜੋਂ ਦਸਤਾਰ ਵਿਚ ਚੱਕਰ ਤੇ ਖੰਡਾ ਸਜਾਉਣਾ ਜ਼ਰੂਰੀ ਹੈ, ਭਾਵ ਉਹ ਸਤਿਗੁਰੂ ਜੀ ਤੋਂ ਸੂਰਮਗਤੀ ਦੀ ਸਪਿਰਿਟ ਹਾਸਲ ਕਰਦਾ ਹੈ। ਸਿੱਖ ਰਜਮੈਂਟ ਦੇ ਲੈਟਰ-ਪੈਡ ਤੇ ਚੱਕਰ ਛਪਿਆ ਹੈ, ਚੱਕਰ ਰਜਮੈਂਟ ਦੇ ਬੈਜ (badge) ਦਾ ਅੰਗ ਹੈ। "ਨਿਸਚੈ ਕਰਿ ਆਪਨੀ ਜੀਤ ਕਰੋਂ", ਦਸਮੇਸ਼ ਜੀ ਦਾ ਕਥਨ ਇਸ ਰਜਮੈਂਟ ਦਾ ਆਦਰਸ਼ ਹੈ। ਛਾਉਣੀ ਅੰਦਰ ਗੁਰਦੁਆਰਾ ਹੈ, ਜਿਥੇ ਪ੍ਰੇਮ ਸਹਿਤ ਗੁਰਪੁਰਬ ਮਨਾਏ ਜਾਂਦੇ ਹਨ। ੩ ਜੂਨ, ੧੯੮੩ ਵਾਲੇ ਦਿਨ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਹਰ ਥਾਂ ਸਿੱਖਾਂ ਨੇ ਮਨਾਇਆ। ਯੁਧ-ਛੇਤਰ ਵਿਚ ਵੀ ਸ਼ਾਹਸ ਹਾਸਲ ਕਰਨ ਹਿਤ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਨਾਲ ਰੱਖੀ ਜਾਂਦੀ ਹੈ।

(੫) ਤਿੰਨ ਜੂਨ ੧੯੮੪ ਨੂੰ ਸਤਿਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਸੀ, ਜਿਸ ਤੋਂ ਫੌਜੀਆਂ ਨੂੰ ਭਾਰਤ ਲਈ ਜਾਨਾਂ ਵਾਰਨ ਦਾ ਸਾਹਸ ਮਿਲਦਾ ਹੈ। ਸ੍ਰੀ ਦਰਬਾਰ ਸਾਹਿਬ ਤੇ ਹਮਲੇ ਲਈ ਇਹੋ ਦਿਨ ਚੁਣਿਆ ਗਿਆ। (ਕਿਉਂ ?) ਸਿੱਖ ਫੌਜੀਆਂ ਦੀ ਕਾਰਵਾਈ ਕੁਦਰਤੀ ਸੁਭਾਵਿਕ ਸੀ। ਉਹ ਭਾਰਤ ਲਈ ਕੁਰਬਾਨੀ ਦਾ ਉਤਸ਼ਾਹ ਤੇ ਪ੍ਰੇਰਨਾ ਆਪਣੇ ਗੁਰੂਆਂ ਦੀਆਂ ਸ਼ਹੀਦੀਆਂ ਤੋਂ ਲੈਂਦੇ ਹਨ। ਕੀ ਭਾਰਤ ਸਰਕਾਰ ਚਾਹੁੰਦੀ ਹੈ ਕਿ ਸਿੱਖਾਂ ਕੋਲੋਂ ਉਹ ਸੋਮੇ ਤੇ ਚਸ਼ਮੇਂ ਖੋਹ ਲਏ ਜਾਣ ਜਿਨ੍ਹਾਂ ਸਦਕਾ ਸਿੱਖ ਭਾਰਤ ਲਈ ਕੁਰਬਾਨੀਆਂ ਕਰਦੇ ਹਨ ?

(੬) ੩ ਜੂਨ ੧੯੮੪ ਨੂੰ ਗੁਰਪੁਰਬ ਕਾਰਨ ਹਜ਼ਾਰਾਂ ਹੀ ਸਿੱਖ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਏ ਹੋਏ ਸਨ। ਉਹਨਾਂ ਯਾਤਰੀਆਂ ਵਿਚੋਂ ਸੈਂਕੜੇ ਹੀ ਭਾਰਤ ਦੀਆਂ ਫੌਜਾਂ ਨੇ ਕਤਲ ਕਰ ਦਿਤੇ। ਬਾਕੀ ਅੱਜ ਤੱਕ ਜੋਧਪੁਰ ਜੇਲ੍ਹ ਵਿਚ ਬਿਨਾਂ ਮੁਕੱਦਮਾ ਚਲਾਏ ਰੋਲੇ ਜਾ ਰਹੇ ਹਨ। ਅਖੇ, 'ਉਹਨਾਂ ਨੇ ਭਾਰਤ ਵਿਰੁੱਧ ਜੰਗ ਛੇੜੀ ਹੋਈ ਸੀ', ਕਿੰਨੀ ਹਾਸੋਹੀਣੀ ਗੱਲ ਹੈ। ਫਿਰ ਉਹਨਾਂ ਨੂੰ ਸਰਕਾਰ ਜੰਗੀ ਕੈਦੀ ਹੀ ਸਮਝ ਲਵੇ। ਸੰਸਾਰ ਦੇ ਇਤਿਹਾਸ ਵਿਚ ਜੰਗੀ ਕੈਦੀਆਂ ਨੂੰ ਰਿਹਾ ਕਰਨ, ਮਾਫ਼ੀ ਦੇਣ ਦੀਆਂ ਬਹੁਤ ਮਿਸਾਲਾਂ ਹਨ। ਭਾਰਤ ਸਰਕਾਰ ਨੇ ੧੯੭੧ ਦੇ ੯੦ ਹਜ਼ਾਰ ਪਾਕਿਸਤਾਨੀ ਸ਼ਤਰੂ ਕੈਦੀਆਂ ਨੂੰ ਇਕ ਸਾਲ ਪਾਲਿਆ, ਆਮ ਮਾਫ਼ੀ ਵਜੋਂ ਪਾਕਿਸਤਾਨ ਪਹੁੰਚਾਇਆ। ਆਜ਼ਾਦ ਹਿੰਦ ਫ਼ੌਜ ਨੂੰ ਅੰਤ ਆਮ ਮਾਫ਼ੀ ਦੇਣੀ ਪਈ। ਇਹਨਾਂ ਨੇ ਤਾਂ ਕੋਈ ਅਜਿਹੇ ਗੰਭੀਰ ਦੋਸ਼ ਵੀ ਨਹੀਂ ਕੀਤੇ। ਇਹਨਾਂ ਨੂੰ ਮਾਫੀਆਂ ਦੇ ਕੇ ਸਿੱਖਾਂ ਨੂੰ ਭਾਰਤ ਦੇ ਅੰਗ ਸਮਝੇ ਜਾਣ ਦਾ ਸਬੂਤ ਦਿਉ। ਅਜਿਹੇ ਬਿਖੜੇ ਸਮੇਂ ਭਾਰਤ ਸਰਕਾਰ ਦਾ ਇਹ ਕਦਮ ਪੰਜਾਬ ਸੰਕਟ ਦੇ ਸਰ ਕਰਨ ਵਿਚ ਸਹਾਈ ਹੋਵੇਗਾ।

(੭) ਅਫ਼ਸੋਸ ਹੈ ਕਿ ਇਹਨਾਂ ਫ਼ੌਜੀ ਅਤੇ ਨੀਲਾ ਤਾਰਾ ਕੈਦੀਆਂ ਵਿਚ ਬਹੁਤੇ ਬੇਗੁਨਾਹ ਹਨ। ਫੌਜੀਆਂ ਵਿਚ ਤਾਂ ਉਹ ਸਿੱਖ ਅਫ਼ਸਰ ਵੀ ਕੈਦ ਹਨ ਤੇ ਡਿਸਮਿਸ ਕੀਤੇ ਗਏ ਹਨ ਜਿਨ੍ਹਾਂ ਨੇ ਫੌਜੀ ਭਗੌੜਿਆਂ ਨੂੰ ਸ਼ਾਂਤ ਕਰਨ ਦਾ ਜਤਨ ਕੀਤਾ। ਰਾਮਗੜ੍ਹ ਸੈਂਟਰ ਦੇ ਜੇ. ਸੀ. ਓ. ਮੇਜਰ ਸਿੰਘ, ਦੂਲਾ ਸਿੰਘ ਅਤੇ ਮੇਲਾ ਸਿੰਘ ਅੱਜ ਵੀ ਰਾਮਪੁਰ ਜੇਲ੍ਹ ਵਿਚ ਅਤੇ ਅਜੀਤ ਸਿੰਘ ਤੇ ਜੁਗਰਾਜ ਸਿੰਘ ਡਿਸਟ੍ਰਿਕਟ ਜੇਲ੍ਹ ਫ਼ੈਜ਼ਾਬਾਦ ਵਿਚ ਬੰਦ ਹਨ।

(੮) ਸਿੱਖ ਭਾਰਤ ਦੇ ਵੱਡੇ ਦੁਸ਼ਮਣ—

ਜਿਹੜੇ ਭਾਰਤੀ ਫੌਜੀ ਦਰਬਾਰ ਸਾਹਿਬ ਅੰਦਰ ਬਲਿਯੂ ਸਟਾਰ ਹਮਲੇ ਸਮੇਂ ਸਿੱਖਾਂ ਵਿਰੁੱਧ ਲੜਦੇ ਚੜ੍ਹਾਈ ਕਰ ਗਏ, ਸਰਕਾਰ ਨੇ ਉਹਨਾਂ ਦੇ ਪਰਿਵਾਰਾਂ ਨੂੰ ਬਣਦੀਆਂ ਰਕਮਾਂ ਤੇ ਪੈਨਸ਼ਨਾਂ ਤੋਂ ਬਿਨਾਂ ਇਕ ਇਕ ਲੱਖ ਰੁਪਿਆ ਫਾਲਤੂ ਦਿੱਤਾ। ਪਰ ਜਿਹੜੇ ਫੌਜੀ ੧੯੪੭, ੧੯੬੨, ੧੯੬੫ ਤੇ ੧੯੭੧ ਵਿਚ ਪਾਕਿਸਤਾਨ ਤੇ ਚੀਨ ਵਿਰੁੱਧ ਲੜਦੇ ਸੂਰਮਗਤੀ ਨੂੰ ਪ੍ਰਾਪਤ ਹੋਏ, ਉਹਨਾਂ ਨੂੰ ਅਜਿਹੇ ਇਨਾਮ ਨਹੀਂ ਦਿਤੇ ਗਏ। ਕੀ ਸਿੱਖ ਚੀਨੀਆਂ ਤੇ ਪਾਕਿਸਤਾਨੀਆਂ ਨਾਲੋਂ ਵੱਡੇ ਖ਼ਤਰਨਾਕ ਦੁਸ਼ਮਣ ਹਨ ? ਨਹੀਂ, ਨਹੀਂ।



www.AKJ.Org

# ਮਿਸ਼ਰਾ ਕਮਿਸ਼ਨ ਦੀ ਕਾਰਗੁਜ਼ਾਰੀ

੧੯੮੪ ਜੂਨ ਦੇ ਮਹੀਨੇ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਫੌਜੀ ਹਮਲੇ ਦਾ ਕਾਰਨ ਉਸ ਸਮੇਂ ਹੋਮ ਮਨਿਸਟਰ ਸੇਠੀ ਦੇ ਕਹਿਣ ਅਨੁਸਾਰ ੪੯ ਅਤਿਵਾਦੀਆਂ ਦਾਂ ਉਥੇ ਛੁਪੇ ਹੋਣਾ ਸੀ, ਜਿਨ੍ਹਾਂ ਨੂੰ ਫੜਨ ਲਈ ਉਹ ਹਮਲਾ ਹੋਇਆ ਅਤੇ ਜੋ ਕੁਝ ਉਥੇ ਹਕੂਮਤ ਵਲੋਂ ਵਰਤਾਇਆ ਗਿਆ, ਸ਼ਭ ਕਿਸੇ ਸੁਣਿਆ ਤੇ ਵੇਖਿਆ ਵੀ ਹੈ।

ਪਰ ਦਰਬਾਰ ਸਾਹਿਬ ਅੰਦਰ ਅਤਿਵਾਦੀਆਂ ਦਾ ਹੋਣਾ ਜੇ ਮੰਨ ਵੀ ਲਿਆ ਜਾਵੇ ਤਾਂ ਜੋ ਕੁਝ ਹਕੂਮਤ ਨੇ ਕੀਤਾ, ਕੀ ਉਹ ਅਤਿਵਾਦ ਤੋਂ ਘੱਟ ਸੀ ? ਸਾਰੀ ਸਿਖ ਕੌਮ ਦਾ ਨੱਕ ਵਢ ਦਿਤਾ ਗਿਆ, ਹਜ਼ਾਰਾਂ ਮਾਸੂਮ ਤੇ ਬੇਗੁਨਾਹ ਬੱਚੇ ਬੁਢੇ ਔਰਤ ਮਰਦ ਮੌਤ ਦੇ ਘਾਟ ਉਤਾਰ ਦਿਤੇ ਅਤੇ ਉਥੋਂ ਜੀਉਂਦੇ ਫੜੇ ਗਏ ਨਿਰਦੋਸ਼ ਸਿਖ, ਤਿੰਨ ਸਾਲ ਹੋ ਗਏ ਹਨ, ਅੱਜ ਵੀ ਜੋਧਪੁਰ ਦੀ ਜੇਲ੍ਹ ਵਿਚ ਬਿਨਾਂ ਉਨ੍ਹਾਂ ਉਪਰ ਕੋਈ ਦੋਸ਼ ਅਰੋਪੇ ਤੜਪਾਏ ਜਾ ਰਹੇ ਹਨ। ਹਾਂ ਉਨ੍ਹਾਂ ਨੂੰ ਛਡਿਆ ਜਾਣਾ ਸੀ ਜੇ ਪੰਜਾਬ ਦੀ ਅਕਾਲੀ ਸਰਕਾਰ ਪੰਜਾਬ ਦੇ ਕਿਸਾਨ ਦਾ ਗਲਾ ਘੁਟਣਾ ਅਤੇ ਪੰਜਾਬ ਦਾ ਪਾਣੀ ਹਰਿਆਣੇ ਨੂੰ ਦੇਣਾ ਮੰਨ ਲੈਂਦੀ। ਗੋਇਆ ਕਿ ਹਰਿਆਣੇ ਦੀਆਂ ਵੋਟਾਂ ਹਾਸਲ ਕਰਨ ਦਾ ਮੁੱਲ ਜੋਧਪੁਰ ਜੇਲ੍ਹ ਅੰਦਰ ਜਾਨਾਂ ਹੂਲ ਰਹੇ ਬੇਦੋਸ਼ੇ ਸਿਖਾਂ ਦੀ ਜ਼ਿੰਦਗੀ ਨਾਲੋਂ ਜ਼ਿਆਦਾ ਸੀ।

ਭਲਾ, ਜੇ ਮੰਨ ਵੀ ਲਈਏ ਕਿ ਇੰਦਰਾ ਸਰਕਾਰ ਨੇ ਸਿਖਾਂ ਦੇ ਅੱਤਵਾਦ ਤੋਂ ਤੰਗ ਪੈ ਕੇ ਦਰਬਾਰ ਸਾਹਿਬ ਅਤੇ ਕਿਤਨੇ ਹੋਰ ਗੁਰਦੁਆਰਿਆਂ ਉਤੇ ਹੱਲਾ ਬੋਲਿਆ ਸੀ ਅਤੇ ਇਹ ਵੀ ਮੰਨ ਲਈਏ ਕਿ ਉਸ ਰੰਜ ਪਿਛੇ ਦੋ ਸਿਖਾਂ ਨੇ ਇੰਦਰਾ ਦੀ ਹੱਤਿਆ ਵਾਲੀ ਅਨੁਚਤ ਗੱਲ ਕੀਤੀ ਤਾਂ ਇਸ ਵਿਚ ਦਿੱਲੀ, ਕਾਨਪੁਰ, ਬਕਾਰੋ ਅਤੇ ਹੋਰ ਸੈਂਕੜੇ ਸ਼ਹਿਰਾਂ ਅੰਦਰ ਅਮਨ ਚੈਨ ਨਾਲ ਵਸਦੇ ਹਜ਼ਾਰਾਂ ਸਿਖਾਂ ਨੇ ਕੀ ਗੁਨਾਹ ਕੀਤਾ ਸੀ ਕਿ ਉਨ੍ਹਾਂ ਨੂੰ ਜੀਉਂਦੇ ਸਾੜਿਆ ਗਿਆ, ਹਜ਼ਾਰਾਂ ਮਸੂਮ ਬੱਚਿਆਂ ਨੂੰ ਯਤੀਮ ਬਣਾ ਦਿਤਾ ਗਿਆ, ਹਜ਼ਾਰਾਂ ਸੁਹਾਗਣਾਂ ਦਾ ਸੁਹਾਗ ਭਾਗ ਇਕ ਆਨ ਦੀ ਆਨ ਵਿਚ ਰੰਡੇਪੇ ਵਿਚ ਬਦਲ ਦਿਤਾ ਗਿਆ, ਪਰਾਏ ਆਸਰੇ ਹੋ ਚੁਕੇ ਬੁਢਿਆਂ ਠੇਰਿਆਂ ਨੂੰ ਹਮੇਸ਼ਾ ਲਈ ਬੇਆਸਰੇ ਕੀਤਾ ਗਿਆ, ਉਨ੍ਹਾਂ ਦੇ ਘਰ ਘਾਟ ਅਤੇ ਕਰੋੜਾਂ ਦੀ ਸੰਪਤੀ ਫੂਕ ਦਿਤੀ ਗਈ, ਸੈਂਕੜੇ ਗੁਰਦੁਆਰੇ, ਜਿਥੇ ਸਵੇਰੇ ਸ਼ਾਮ ਸਰਬੱਤ ਦੇ ਭਲੇ ਦੀਆਂ ਅਰਦਾਸਾਂ ਸੁਣਦੀਆਂ ਅਤੇ ਰਾਹੀ ਪਾਂਧੀ ਨੂੰ ਬਿਨਾਂ ਵਿਤਕਰੇ, ਮਜ਼ਹਬ ਮਿੱਲਤ ਦੇ ਸੁਖ ਦੀ ਨੀਂਦੇ ਸੌਣਾ ਤੇ ਲੰਗਰ ਪਾਣੀ ਮਿਲਦਾ ਸੀ, ਸਮੇਤ ਹਜ਼ਾਰਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੇ ਖ਼ਾਕ ਸੁਆਹ ਕਰ ਦਿੱਤੇ ਗਏ।

ਪਰ ਇਹ ਸਾਰਾ ਕੁਝ ਵਰਤ ਜਾਣ ਤੋਂ ਭੀ ਜ਼ਿਆਦਾ ਅਫ਼ਸੋਸ-ਨਾਕ ਗੱਲ ਇਹ ਹੈ ਕਿ ਭਾਰਤ ਦੀ ਸਰਕਾਰ ਦੇ ਲੋਕਾਂ ਵਲੋਂ ਚੁਣੇ ਹੋਏ ਲੋਕ ਤੇ ਰਾਜ-ਸਭਾਵਾਂ ਦੇ ਸੈਂਕੜੇ ਮੈਂਬਰ, ਭਾਵੇਂ ਇਹ ਸਰਕਾਰ-ਪੱਖੀ ਸਨ ਜਾਂ ਵਿਰੋਧੀ ਧੜਿਆਂ ਦੇ, ਕਿਸੇ ਇਕ ਨੇ ਵੀ ਸਿਖਾਂ ਦੀ ਹੋਈ ਇਸ ਦੁਰਦਸ਼ਾ, ਹਾਨੀ ਅਤੇ ਬੇਪਤੀ ਤੇ ਅਵਾਜ਼ ਤਕ ਨਹੀਂ ਉਠਾਈ, ਬਲਕਿ ਸਰਕਾਰੀ ਮੀਡੀਆ, ਆਕਾਸ਼ ਵਾਣੀ ਅਤੇ ਟੈਲੀਵੀਯਨ ਤੇ 'ਖ਼ੂਨ ਦਾ ਬਦਲਾ ਖ਼ੂਨ' ਦੇ ਨਾਹਰੇ ੧੮ ਵਾਰ ਲਾਏ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਨੇ ਐਥੋਂ ਤਕ ਕਹਿ ਦਿਤਾ ਕਿ 'ਜਦੋਂ ਵਡਾ ਰੁਖ ਡਿਗ ਪਵੇ ਤਾਂ ਧਰਤੀ ਹਿਲ ਹੀ ਜਾਇਆ ਕਰਦੀ ਹੈ'। ਮਾਮੂਲੀ ਘਟਨਾ ਵਾਪਰ ਜਾਣ ਤੇ ਜੁਡੀਸ਼ਲ ਪੁਛ ਪੜਤਾਲ (Judicial Enquiries) ਹੋ ਜਾਂਦੀਆਂ ਹਨ, ਪਰ ਸਿਖਾਂ ਨਾਲ ਵਾਪਰੀਆਂ ਇਨ੍ਹਾਂ ਘਟਨਾਵਾਂ ਤੇ ਹਕੂਮਤ ਟਸ ਤੋਂ ਮਸ ਨਹੀਂ ਹੋਈ। ਭਾਵੇਂ ਸਰਕਾਰ ਦੀ ਇਸ ਚੁਪ ਤੋਂ ਆਪਣੇ ਆਪ ਹੀ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਸ ਦੇ ਲਈ ਕੌਣ ਜ਼ਿੰਮੇਵਾਰ ਸੀ, ਪਰ ਸਚਾਈ ਤੇ ਇਨਸਾਫ਼ ਦੁਨੀਆ ਤੋਂ ਕਦੀ ਅਲੋਪ ਨਹੀਂ ਹੁੰਦੇ, ਦਬੇ ਘੁਟੇ ਰਹਿ ਕੇ ਵੀ ਸਚ ਦੀ ਕਿਰਣ ਜ਼ਾਹਿਰ ਹੋ ਜਾਇਆ ਕਰਦੀ ਹੈ। ਸਿਖਾਂ ਨਾਲ ਵਾਪਰੀਆਂ ਇਨ੍ਹਾਂ ਘਟਨਾਵਾਂ, ਜੋ ੩੧ ਅਕਤੂਬਰ ਤੋਂ ੪ ਨਵੰਬਰ ੧੯੮੪ ਤਕ ਵਾਪਰੀਆਂ ਸਨ, ਦੀ ਪੜਤਾਲ ਲਈ ਦੋ ਪ੍ਰਾਈਵੇਟ ਸੋਸਾਇਟੀਆਂ P. U. D. R. [Peoples union for Democratic Rights] ਅਤੇ [P. U. C. L. Peoples union for Civil Liberties] ਨੇ ਸਿਰ ਜੋੜਿਆ ਅਤੇ ਇਕ ਹਫਤੇ ਦੇ ਅੰਦਰ ਅਥਵਾ ੧੦ ਨਵੰਬਰ ਤਕ ਸਾਰੀ ਖੋਜ ਪੜਤਾਲ



www.AKJ.Org

ਕਰਨ ਪਿਛੋਂ 'Who are the guilty' (ਦੋਸ਼ੀ ਕੌਣ ਹਨ) ਦੇ ਸਿਰਲੇਖ ਹੇਠ ਆਪਣੀ ਰਿਪੋਰਟ ਪ੍ਰਕਾਸ਼ਤ ਕਰ ਦਿਤੀ। ਇਨ੍ਹਾਂ ਦੋਨਾਂ ਸੋਸਾਇਟੀਆਂ ਦੇ ਮੁਖੀ ਮੈਂਬਰਾਂ ਵਿਚੋਂ ਕੁਝ ਕੁ ਸੱਜਣ ਹਨ :

(੧) ਸੁਪਰੀਮ ਕੋਰਟ ਦੇ ਰੀਟਾਰਿਡ ਚੀਫ ਜਸਟਿਸ ਸ੍ਰੀ ਐਸ. ਐਮ. ਸਿਕਰੀ। (੨) ਸ੍ਰੀ ਗੋਬਿੰਦ ਮੁਖਾਦੀ ਪ੍ਰਧਾਨ P. U. D. R. (੩) ਸ੍ਰੀ ਰਜਨੀ ਕੁਠਾਰੀ ਪ੍ਰਧਾਨ P. U. C. L. (੪) ਮਿਸਿਜ਼ ਜਾਇਆ ਜੈਂਟਲੀ। (੫) ਮਿਸਿਜ਼ ਆਸੀਆ ਰਾਓ।

ਵਾਪਰੀਆਂ ਘਟਨਾਵਾਂ ਦੇ ਫ਼ੌਰਨ ਬਾਅਦ P. U. D. R. ਅਤੇ P. U. C. L. ਦੀ ਮਿਲਵੀਂ ਪੜਤਾਲ ਅਤੇ ਰਿਪੋਰਟ ਦਾ ਪ੍ਰਕਾਸ਼ਤ ਹੋ ਜਾਣਾ ਇਸ ਦੀ ਦਰੁਸਤੀ ਅਤੇ ਪ੍ਰਮਾਣਿਕਤਾ (authenticity) ਦੀ ਗਰੰਟੀ ਸਿਧ ਹੁੰਦੀ ਹੈ। ਪਰ ਸਰਕਾਰ ਉਕਤ ਦੋਹਾਂ ਸੋਸਾਇਟੀਆਂ ਦੀ ਰੀਪੋਰਟ ਦਾ ਪ੍ਰਕਾਸ਼ਤ ਹੋਣਾ ਵੀ ਬਰਦਾਸ਼ਤ ਨ ਕਰ ਸਕੀ ਅਤੇ Who are the guilty' (ਦੋਸ਼ੀ ਕੌਣ ਹਨ) ਨਾਮ ਦੀ ਰਿਪੋਰਟ ਦੀ ਜ਼ਬਤੀ ਦੇ ਹੁਕਮ ਜਾਰੀ ਹੋ ਗਏ, ਕਿਉਂਕਿ ਹਕੂਮਤ ਆਪਣਾ ਢਿਡ ਨੰਗਾ ਹੋਣਾ ਸਹਿ ਨਹੀਂ ਸਕਦੀ ਸੀ।

ਇਨ੍ਹਾਂ ਘਟਨਾਵਾਂ ਤੇ ਸਰਕਾਰ ਨੇ ਛੇ ਮਹੀਨੇ ਤਕ ਚੁਪ ਸਾਧੀ ਰਖੀ, ਪਰ ਜਦੋਂ ਮਜਬੂਰਨ ਸਰਕਾਰ ਨੂੰ ਇਸ ਬਾਰੇ ਕੁਝ ਕਰਨਾ ਹੀ ਪਿਆ ਤਾਂ ੨੬ ਅਪ੍ਰੈਲ ੧੯੮੫ ਨੂੰ ਜਸਟਿਸ ਰੰਗਾ ਨਾਥ ਮਿਸ਼ਰਾ ਦਾ ਕਮਿਸ਼ਨ ਮੁਕੱਰਰ ਕੀਤਾ ਗਿਆ। ਕਮਿਸ਼ਨ ਦੀ ਨਿਯੁਕਤੀ ਦੇ ਕਰੀਬਨ ਢਾਈ ਮਹੀਨੇ ਪਿਛੋਂ ਮਿਤੀ ੬ ਜੁਲਾਈ ੧੯੮੫ ਨੂੰ ਕਮਿਸ਼ਨ ਨੂੰ ਦਫ਼ਤਰ ਵਾਸਤੇ ਮਕਾਨ ਅਲਾਟ ਹੋਇਆ। ਵਾਪਰੀਆਂ ਘਟਨਾਵਾਂ ਨੂੰ ਤਦੋਂ ਤਕ ਅਠ ਮਹੀਨੇ ਬੀਤ ਚੁਕੇ ਸਨ ਅਤੇ ਜਿਨ੍ਹਾਂ ਅਬਾਦੀਆਂ (ਕਲੋਨੀਆਂ) ਵਿਚ ਇਹ ਘਟਨਾਵਾਂ ਵਾਪਰੀਆ ਸਨ, ਉਨ੍ਹਾਂ ਵਿਚੋਂ ੨੦ ਤੋਂ ੫੦ ਸਾਲ ਤਕ ਦੀ ਉਮਰ ਦਾ ਕੋਈ ਵਿਰਲਾ ਬੰਦਾ ਹੀ ਜੀਉਂਦਾ ਰਹਿਣ ਦਿਤਾ ਗਿਆ ਸੀ। ਵਡੇਰੀ ਉਮਰ ਦੇ ਬਿਰਧ, ਬੇਵਾ ਹੋ ਚੁਕੀਆਂ ਇਸਤ੍ਰੀਆਂ ਅਤੇ ਵੀਹ ਸਾਲ ਤੋਂ ਘਟ ਉਮਰ ਦੇ ਬੱਚਿਆਂ ਲਈ ਇਹ ਅਠ ਮਹੀਨਿਆਂ ਦਾ ਸਮਾਂ ਕਿਵੇਂ ਅਤੇ ਕਿਥੇ ਬੀਤਿਆ ਅਤੇ ਅਠ ਮਹੀਨੇ ਪਿਛੋਂ ਉਹ ਕਿਸੇ ਪਾਸ ਆਪਣਾ ਦੁਖ ਰੋਣ ਦੀ ਹਾਲਤ ਵਿਚ ਸਨ ਵੀ ਜਾਂ ਨਹੀਂ; ਇਹ ਹਰ ਦਿਲ ਤੇ ਦਿਮਾਗ ਰਖਦਾ ਬੰਦਾ ਸਹਿਜੇ ਹੀ ਸੋਚ ਸਕਦਾ ਹੈ। ਫਿਰ ਜਿਨ੍ਹਾਂ ਬੰਦਿਆਂ ਨੇ ਅਗੇ ਲਗ ਕੇ ਸਾਰੀ ਸਾੜ ਫੂਕ ਤੇ ਕਤਲਾਮ ਕਰਾਈ ਸੀ, ਉਹ ਅਠ ਮਹੀਨੇ ਚੁਪ ਕਰ ਕੇ ਨਹੀਂ ਬੈਠੇ ਹੋਣਗੇ। ਉਨ੍ਹਾਂ ਆਪਣੀ ਕੀਤੀ ਕਰਤੂਤ ਉਪਰ ਸੁਆਹ ਪਾਉਣੋਂ ਘਟ ਨਹੀਂ ਗੁਜ਼ਾਰੀ ਹੋਣੀ। ਅਜਿਹੀ ਹਾਲਤ ਵਿਚ ਮਾਰੇ ਗਏ ਜਵਾਨਾਂ ਦੇ ਵਾਰਸ, ਬਿਰਧ ਮਾਪੇ ਤੇ ਬੇਵਾ ਹੋ ਚੁਕੀਆਂ ਇਸਤ੍ਰੀਆਂ ਨੇ ਕਮਿਸ਼ਨ ਦੇ ਸਾਮ੍ਹਣੇ ਆ ਕੇ ਆਪਣਾ ਦੁਖ ਰੋਣ (ਬਿਆਨ ਦੇਣ) ਦਾ ਕਿੰਨਾ ਕੁ ਹੌਸਲਾ ਕੀਤਾ ਹੋਵੇਗਾ, ਵੀ ਸੋਚਣ ਵਾਲੀ ਗੱਲ ਹੈ, ਖਾਸ ਕਰ ਜਦੋਂ ਉਨ੍ਹਾਂ ਨੂੰ ਕਾਤਲਾਂ ਤੇ ਉਨ੍ਹਾਂ ਦੇ ਹਮਾਇਤੀਆਂ ਅਤੇ ਪੁਲਸ ਵਲੋਂ ਵੀ ਸਚੇ ਬਿਆਨ ਦੇਣ ਦੇ ਉਲਟ ਡਰਾਇਆ ਧਮਕਾਇਆ ਅਤੇ ਕਈ ਕਿਸਮ ਦੇ ਲਾਲਚ ਵੀ ਦਿਤੇ ਗਏ ਹੋਣ। ਜਿਸ ਮਜਬੂਰੀ ਨੂੰ ਵੇਖਦੇ ਹੋਏ ਹੀ ਸੀ. ਜੇ. ਸੀ. (ਸਿਟੀਜ਼ਨਸ ਜਸਟਿਸ ਕਮਿਸ਼ਨ), ਦਿੱਲੀ ਸਿਖ ਗੁਰਦੁਆਰਾ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਕਈ ਹੋਰ ਸੁਸਾਇਟੀਆਂ ਜਿਨ੍ਹਾਂ ਵਿਚ ਇਕ 'ਨਾਗਰਕ ਸੁਰੱਖਸ਼ਾ ਸੰਮਤੀ (ਆਰੀਆ ਸਮਾਜ) ਵੀ ਸ਼ਾਮਲ ਸੀ, ਅਗੇ ਆਈਆਂ ਅਤੇ ਹਰ ਇਕ ਨੇ ਨਵੰਬਰ ੮੪ ਦੀਆਂ ਘਟਨਾਵਾਂ ਸੰਬੰਧੀ ਆਪੋ ਆਪਣਾ ਨੁਕਤਾ-ਨਿਗਾਹ ਪੇਸ਼ ਕੀਤਾ। 'ਸਿਟੀਜ਼ਨਸ ਜਸਟਿਸ ਕਮਿਸ਼ਨ' ਵਿਚ ਸ਼ਾਮਲ ਸਨ :(੧) ਰੀਟਾਇਰਡ ਚੀਫ ਜਸਟਿਸ ਐਸ. ਐਮ. ਸਿਕਰੀ, (੨) ਸ੍ਰੀ ਗੋਬਿੰਦ ਮੁਖਾਦੀ, (੩) ਸ੍ਰੀ ਰਜਨੀ ਕੋਠਾਰੀ ਪਾਲੈ, (੪) ਜਨਰਲ ਜੇ. ਐਸ. ਅਰੋੜਾ, (੫) ਜਸਟਿਸ ਨਰੂਲਾ, (੬) ਸ੍ਰੀ ਜੌਲੀ ਜੇ ਸੋਰਾਬ ਜੀ, (੭) ਮਿਸਜ਼ ਜਾਇਆ ਜੈਂਟਲੀ, (੮) ਮਿਸਜ਼ ਅਮਿਓ ਰਾਓ,(੯) ਸ: ਖੁਸ਼ਵੰਤ ਸਿੰਘ, (੧੦) ਸ. ਐਚ. ਐਸ. ਫੂਲਕਾਂ ਕਨਵੀਨਰ, (੧੧) ਸ੍ਰੀ ਵੀ. ਐਸ. ਤਾਰਕੁੰਡੇ, (੧੨) ਸ. ਅਰਜਨ ਸਿੰਘ ਰੀਟਾਇਰਡ ਏਅਰ ਮਾਰਸ਼ਲ ਅਤੇ ਕਈ ਹੋਰ ਸਜਣ।

ਮਿਤੀ ੨੧ ਜਨਵਰੀ ੧੯੮੬ ਨੂੰ ਦੋਹਾਂ ਸੋਸਾਇਟੀਆਂ ਪੀ. ਯੂ. ਸੀ. ਐਲ. ਅਤੇ ਪੀ. ਯੂ. ਡੀ. ਆਰ, ਜਿਨ੍ਹਾਂ ਨੇ ਮਿਲਵੇਂ ਤੌਰ ਤੇ ਘਟਨਾਵਾਂ ਬਾਰੇ ਖੋਜ ਕਰਕੇ ੧੦ ਨਵੰਬਰ ੧੯੮੪ ਨੂੰ 'Who are guilty' ਦੇ ਨਾਮ ਹੇਠ ਰੀਪੋਰਟ ਦੇਂਦੇ ਹੋਏ ਲਿਖਿਆ ਸੀ ਕਿ ਸਾਰੀਆਂ ਘਟਨਾਵਾਂ ਕਾਂਗਰਸ ਪਾਰਟੀ ਵਲੋਂ ਜਥੇਬੰਦਕ (organised) ਤੌਰ



www.AKJ.Org

ਤੇ ਵਰਤਾਈਆਂ ਗਈਆਂ ਸਨ, ਵਲੋਂ ਘਟਨਾਵਾਂ ਸੰਬੰਧੀ ਆਪਣਾ ਨੁਕਤਾ-ਨਿਗਾਹ ਪੇਸ਼ ਕਰਨ ਦੀ ਮੰਗ ਨੂੰ ਸੁਨਣ ਤੋਂ ਮਿਸ਼ਰਾ ਕਮਿਸ਼ਨ ਨੇ ਇਨਕਾਰ ਕੀਤਾ।

ਸਿਟੀਜ਼ਨਸ ਜਸਟਿਸ ਕਮਿਸ਼ਨ, ਸ਼ਰੋਮਣੀ ਅਕਾਲੀ ਦੱਲ, ਦਿੱਲੀ ਸਿਖ ਗੁਰਦੁਆਰਾ ਕਮੇਟੀ ਅਤੇ ਕਾਨਪੁਰ ਵਿਚ ਵਰਤੀਆਂ ਘਟਨਾਵਾਂ ਦੀ ਪੜਤਾਲ ਹਿਤ ਬਣੀ ਕਾਨਪੁਰ ਰਾਈਟਸ ਇਨਕੁਆਰੀ ਕੋਆਰਡੀਨੇਸ਼ਨ ਕਮੇਟੀ ਇਸ ਰਾਏ ਦੇ ਸਨ ਕਿ ਸਿਖਾਂ ਵਿਰੁਧ ਵਰਤਾਈਆਂ ਘਟਨਾਵਾਂ ਬਾਕਾਇਦਾ ਜਥੇਬੰਦ (organised) ਢੰਗ ਦੀਆਂ ਸੋਚੀਆਂ ਸਮਝੀਆਂ ਤੇ ਬਾਕਾਇਦਾ ਵਿਉਂਤੀਆਂ ਹੋਈਆਂ ਸਨ, ਜੋ ਕੇਂਦਰੀ ਜਥੇਬੰਦੀ ਦੀ ਹਦਾਇਤ, ਅਗਵਾਈ ਅਤੇ ਕੰਟਰੋਲ ਅਧੀਨ ਵਰਤਾਈਆਂ ਗਈਆਂ ਸਨ ਅਤੇ ਇਸ ਵਿਚ ਕਿਸੇ ਸ਼ੱਕ ਦੀ ਉੱਕਾ ਹੀ ਕੋਈ ਗੁੰਜਾਇਸ਼ ਨਹੀਂ ਕਿ ਇਸ ਵਿਚ ਹੁਕਮਰਾਨ (ruling) ਪਾਰਟੀ ਅਤੇ ਉਨ੍ਹਾਂ ਦੀ ਸਰਕਾਰ ਦੀ ਨਿਰੀ ਸੰਮਤੀ ਹੀ ਨਹੀਂ ਸੀ, ਬਲਕਿ ਇਸ ਵਿਚ ਉਨ੍ਹਾਂ ਦੀ ਨੰਗੇ ਮੂੰਹ ਸ਼ਮੂਲੀਅਤ (active involvement) ਸੀ।

ਪਰੰਤੂ 'ਨਾਗਰਿਕ ਸੁਰੱਖਸ਼ਾ ਸੰਮਤੀ' (ਆਰੀਆ ਸਮਾਜ) ਅਤੇ ਕੁਝ ਹੋਰ ਪਾਰਟੀਆਂ ਦਾ ਸਟੈਂਡ ਇਸ ਦੇ ਉਲਟ ਸੀ। ਸਿਟੀਜ਼ਨਸ ਜਸਟਿਸ ਕਮੇਟੀ (C. J. C.) ਅਖੀਰ ਮਾਰਚ ੧੯੮੬ ਤਕ ਮਿਸ਼ਰਾ ਕਮਿਸ਼ਨ ਵਲੋਂ ਕੀਤੀ ਜਾਂਦੀ ਪੜਤਾਲ ਵਿਚ ਸ਼ਾਮਲ ਰਹੀ, ਪਰੰਤੂ ੩੧ ਮਾਰਚ ੧੯੮੬ ਨੂੰ C. J. C. ਦੇ ਪ੍ਰਧਾਨ ਚੀਫ ਜਸਟਿਸ ਐਸ. ਐਮ. ਸਿਕਰੀ ਦੇ ਦਸਖਤਾਂ ਹੇਠ ਮਿਸ਼ਰਾ ਕਮਿਸ਼ਨ ਨੂੰ ਲਿਖਿਆ ਗਿਆ ਕਿ "ਕਮਿਸ਼ਨ ਵਲੋਂ ਅਖ਼ਤਿਆਰ ਕੀਤੇ ਅਤੇ ਅਪਣਾਏ ਤਰੀਕਿਆਂ ਨੇ ਸੀ. ਜੇ. ਸੀ. ਦਾ ਇਸ ਪੜਤਾਲ ਵਿਚ ਸ਼ਾਮਲ ਰਹਿਣਾ ਤੇ ਇਸ ਦੀ ਕਾਰਵਾਈ ਅੰਦਰ ਭਾਗ ਲੈਣਾ ਬੇਅਸਰ ਤੇ ਬੇਮਾਇਨੇ ਕਰ ਦਿਤਾ ਹੈ।" ਪਤਰ ਵਿਚ ਲਿਖੇ ਅਸਲ ਸ਼ਬਦ ਇਉਂ ਹਨ–

C. J. C. is of the view that the Procedure adopted and followed by the Commission has rendered its participation ineffective and pointless," ਸੋ C. J. C. ਨੇ ਵਡੀ ਦੀਰਘ ਦ੍ਰਿਸ਼ਟੀ ਅਤੇ ਸੋਚ ਵਿਚਾਰ ਉਪਰੰਤ ਇਸ ਪੜਤਾਲ ਵਿਚ ਸ਼ਾਮਲ ਨ ਰਹਿਣ ਦਾ ਫੈਸਲਾ ਕੀਤਾ।

ਮਿਸ਼ਰਾ ਕਮਿਸ਼ਨ ਵਲੋਂ ਕੇਂਦਰੀ ਸਰਕਾਰ ਨੂੰ ਦਿਤੀ ਰਿਪੋਰਟ ਵਿਚ ਦਰਜ ਹੇਠ ਲਿਖੀਆਂ ਗੱਲਾਂ ਧਿਆਨ ਯੋਗ ਹਨ :

(੧) ਜਿਨ੍ਹਾਂ ਨਾਲ ਇਹ ਘਟਨਾਵਾਂ ਵਾਪਰੀਆ ਸਨ ਉਨ੍ਹਾਂ ਦੇ ਵਾਰਸਾਂ ਨੂੰ ਕਮਿਸ਼ਨ ਦੇ ਸਾਹਮਣੇ ਹਾਜ਼ਰ ਹੋਣ ਅਤੇ ਸਚੇ ਬਿਆਨ ਦੇਣ ਵਿਰੁਧ ਲੋਕਲ ਪੁਲਸ ਅਤੇ ਜਿਨ੍ਹਾਂ ਨੇ ਸਾੜਫੂਕ ਵਿਚ ਹਿਸਾ ਲਿਆ ਸੀ (rioters), ਵਲੋਂ ਉਨ੍ਹਾਂ ਨੂੰ ਡਰਾਇਆ ਧਮਕਾਇਆ ਗਿਆ ਹੈ।

(੨) ਕਮਿਸ਼ਨ ਨੇ ਲਿਖਿਆ ਹੈ ਕਿ ਕੁਝ ਐਸੇ ਵਾਕਿਆਤ ਕਮਿਸ਼ਨ ਦੇ ਨੋਟਿਸ ਵਿਚ ਲਿਆਏ ਗਏ ਹਨ, ਜਿਨ੍ਹਾਂ ਦਾ ਪ੍ਰਗਟ ਕਰਨਾ ਲੋਕ-ਭਲਾਈ ਲਈ ਠੀਕ ਨਹੀਂ (Certain information in public interest Could not be disclosed.)

(੩) ਇਹ ਅਫਵਾਹਾਂ ਫੈਲਾਈਆਂ ਗਈਆਂ ਕਿ (ੳ) ਪੰਜਾਬ ਤੋਂ ਹਿੰਦੂਆਂ ਦੀਆਂ ਲਾਸ਼ਾਂ ਦੀ ਭਰੀ ਹੋਈ ਗੱਡੀ ਆਈ ਹੈ ਅਤੇ (ਅ) ਸਿਖਾਂ ਨੇ ਦਿਲੀ ਦੇ ਪਾਣੀ ਵਿਚ ਜ਼ਹਿਰ ਮਿਲਾ ਦਿਤੀ ਹੈ।

(੪) ੧–੧੧–੮੪ ਨੂੰ ਦਿਲੀ ਦੂਰਦਰਸ਼ਨ ਤੇ "ਖੂਨ ਕਾ ਬਦਲਾ ਖੂਨ" ਦੇ ੧੮ ਨਾਹਰੇ ਲਾਏ ਗਏ।

(੫) ਐਚ. ਕੇ. ਐਲ. ਭਗਤ, ਜੋ ਸ੍ਰੀ ਰਾਜੀਵ ਗਾਂਧੀ ਦੇ ਕੈਬਨਿਟ ਮਨਿਸਟਰ ਹਨ, ਨੇ ੩੧ ਅਕਤੂਬਰ ਅਤੇ ਪਹਿਲੀ ਨਵੰਬਰ ਵਿਚਾਲੀ ਰਾਤ ਆਪਣੀ ਪਾਰਟੀ ਦੇ ਬੰਦਿਆਂ ਦੀਆਂ ਸੋਲ੍ਹਾਂ ਵਖੋ ਵਖ ਮੀਟਿੰਗਾਂ ਕੀਤੀਆਂ। ਕਾਂਗਰਸ ਤੋਂ ਬਿਨਾਂ ਭਗਤ ਦੀ ਹੋਰ ਕਿਹੜੀ ਪਾਰਟੀ ਸੀ, ਜਿਸ ਦੇ ਮੈਂਬਰਾਂ ਦੀਆਂ ਇਕੋ ਰਾਤ ਵਿਚ ੧੬ ਮੀਟਿੰਗਾਂ ਬੁਲਾਉਣ ਦੀ ਉਸ ਨੂੰ ਅਵਸ਼ਕਤਾ ਸੀ ਅਤੇ ਜੇ ਇਹ ਸਿਖਾਂ ਨੂੰ ਮਾਰ ਮੁਕਾਉਣ ਤੇ ਸਾੜ ਫੂਕ ਲਈ ਨਹੀਂ ਸਨ ਤਾਂ ਇਸੇ ਰਾਤ ਇਹ ਮੀਟਿੰਗਾਂ ਕਰਨ ਦੀ ਕੀ ਅਵਸ਼ਕਤਾ (urgency) ਸੀ ?

ਰੀਪੋਰਟ ਵਿਚ ਦਰਜ ਹੈ ਕਿ ਉਸੇ ਰਾਤ ਦੇ ਗਿਆਰਾਂ ਵਜੇ ਤੱਕ ੧੩ ਗੁਰਦੁਆਰੇ ਭੰਨੇ, ਢਾਹੇ ਤੇ ਸਾੜੇ



www.AKJ.Org

ਫੂਕੇ ਗਏ ਸਨ। ਭਗਤ ਦੇ ਕੁਝ ਹੋਰ ਕਾਂਗਰਸੀਆਂ ਸਮੇਤ ਇਸ ਰਾਤ ਨੂੰ ਮੀਟਿੰਗਾਂ ਕਰਨ ਦੀ ਗਵਾਹੀ ਸਰਕਾਰੀ ਔਫਿਸ਼ਲਜ਼ ਨੇ ਵੀ ਭਰੀ ਹੈ। ਰੀਪੋਰਟ ਵਿਚ ਇਹ ਵੀ ਦਰਜ ਹੈ ਕਿ ਭਗਤ ਨੇ ਉਸ ਰਾਤ ਰਾਜ ਨਿਵਾਸ ਨੂੰ ਵਿਸ਼ੇਸ਼ ਮਾਰ ਕੁਟਾਈ ਵਾਲੇ ਇਲਾਕਿਆਂ ਵਿਚ ਸਹਾਇਤਾ ਭੇਜਣ ਲਈ ਟੈਲੀਫੋਨ ਕੀਤੇ। ਇਹ 'ਚੋਰਾਂ ਨੂੰ ਕਹਿਣਾ ਲਗ ਜਾਉ' ਅਤੇ ਪੁਲਸ ਨੂੰ ਕਹਿਣਾ ਕਿ 'ਚੋਰ ਲਗ ਗਏ ਜੇ' ਵਾਲੀ ਗੱਲ ਸਿਧ ਹੁੰਦੀ ਹੈ। ਏਨਾ ਕੁਝ ਭਗਤ ਬਾਰੇ ਦੱਸ ਕੇ ਵੀ ਮਿਸ਼ਰਾ-ਕਮਿਸ਼ਨ-ਰੀਪੋਰਟ ਕਹਿੰਦੀ ਹੈ ਕਿ ਸਿਖਾਂ ਦੀ ਸਾੜਫੂਕ organised (ਬਾਕਾਇਦਾ ਜਥੇਬੰਦ) ਨਹੀਂ ਸੀ, ਨਾ ਇਸ ਵਿਚ ਕਾਂਗਰਸ ਪਾਰਟੀ ਦਾ ਕੋਈ ਹੱਥ ਸੀ ਤੇ ਨਾ ਐਚ. ਕੇ. ਐਲ. ਭਗਤ ਦਾ। ਫਿਰ ਸਭ ਤੋਂ ਵਧ ਸਾੜ ਫੂਕ ਉਸ ਇਲਾਕੇ ਵਿਚ ਹੋਈ, ਜਿਸ ਦਾ ਚੁਣਿਆ ਹੋਇਆ ਨੁਮਾਇੰਦਾ ਭਗਤ ਸੀ।

(੬) ਕਮਿਸ਼ਨ ਮੰਨਦਾ ਹੈ ਕਿ ਦਿਲੀ ਪੁਲੀਸ ਨੇ ਬਾਹਰ ਤੋਂ ਪਏ ਦਬਾਉ ਕਾਰਨ ਇਸ ਲੁਟਮਾਰ ਤੇ ਸਾੜਫੂਕ ਵਿਚ ਕੋਈ ਅਸਰਦਾਰ ਕਦਮ ਨਹੀਂ ਚੁਕਿਆ। ਇਹ ਬਾਹਰੋਂ ਪਿਆ ਦਬਾਉ ਹਾਕਮ ਪਾਰਟੀ ਦੇ ਬੰਦਿਆਂ ਤੋਂ ਬਿਨਾਂ ਹੋਰ ਕਿਸ ਦਾ ਹੋ ਸਕਦਾ ਸੀ?

(੭) ਕਮਿਸ਼ਨ ਨੇ ਇਹ ਵੀ ਮੰਨਿਆ ਹੈ ਕਿ ਦਿਲੀ ਟ੍ਰਾਂਸਪੋਰਟ ਦੀਆਂ ਬਸਾਂ ਬਾਹਰ ਤੋਂ ਬਦਮਾਸ਼ਾਂ ਨੂੰ ਲਿਆਉਂਦੀਆਂ ਰਹੀਆਂ। ਦਿਲੀ ਹਕੂਮਤ (administration) ਦੀ ਪ੍ਰਵਾਨਗੀ ਅਤੇ ਹਾਕਮ ਪਾਰਟੀ ਦੀ ਜਾਣਕਾਰੀ ਬਿਨਾਂ ਐਸਾ ਕਿਵੇਂ ਹੋ ਸਕਦਾ ਸੀ। ਫਿਰ ਦਿਲੀ ਹਕੂਮਤ ਦਾ ਸਮੁਚਾ ਸਫਾਈ ਮਹਿਕਮਾ ਇਸ ਵਿਚ ਸ਼ਾਮਲ ਸੀ।

(੮) ਮਿਸ਼ਰਾ ਕਮਿਸ਼ਨ ਪਹਿਲੀ ਨਵੰਬਰ ਤੋਂ ਸਾਰੀ ਲੁਟ ਮਾਰ ਤੇ ਸਾੜ ਫੂਕ ਦਾ ਇਕੋ ਤਰ੍ਹਾਂ ਕੀਤੇ ਜਾਣਾ (uniform) ਹੋਣਾ ਵੀ ਮੰਨਦਾ ਹੈ। ਸਭ ਬਦਮਾਸ਼ ਲੋਹੇ ਦੇ ਡੰਡਿਆਂ, ਤ੍ਰਿਸੂਲ ਤੇ ਮਿਟੀ ਦੇ ਤੇਲ ਤੇ ਪੈਟਰੋਲ ਦੀਆਂ ਭਰੀਆਂ ਕੇਨੀਆਂ ਨਾਲ ਲੈਸ ਸਨ। ਸਿਖਾਂ ਦੇ ਮਕਾਨ, ਦੁਕਾਨਾਂ ਅਤੇ ਮੋਟਰ ਗੱਡੀਆਂ ਆਦਿ ਫੂਕਣ ਅਤੇ ੨੦ ਤੋਂ ੫੦ ਸਾਲ ਦੇ ਸਿਖਾਂ ਨੂੰ ਮਾਰ ਦੇਣ ਤੇ ਜੀਊਂਦੇ ਸਾੜਨ ਦੀ ਵਿਉਂਤ ਦਿਲੀ ਦੀਆਂ ਸਾਰੀਆਂ ਬਸਤੀਆਂ, ਬਲਕਿ ਕਾਨਪੁਰ, ਬਕਾਰੋ ਆਦਿ ਹੋਰ ਸ਼ਹਿਰਾਂ ਵਿਚ ਵੀ ਇਕੋ ਜਿਹੀ ਤੇ ਇਕ ਸਾਰ ਸੀ, ਜਿਸ ਦਾ ਵਿਸ਼ੇਸ਼ ਵਿਉਂਤ-ਬੰਦੀ ਤੋਂ ਬਿਨਾਂ ਹੋਣਾ ਸੰਭਵ ਨਹੀਂ ਸੀ। ਐਸੀ ਵਿਉਂਤ-ਬੰਦੀ ਆਰਗੇਨਾਈਜ਼ਡ ਬਾਡੀ ਹੀ ਕਰ ਸਕਦੀ ਸੀ।

(੯) ਕਮਿਸ਼ਨ ੧੩ ਗੁਰਦੁਆਰਿਆਂ ਅਤੇ ਗਿਆਰਾਂ ਸਿਖ ਸਕੂਲਾਂ ਦੀ ਕੀਤੀ ਗਈ ਤਬਾਹੀ ਅਤੇ ਕਈ ਸਿਖਾਂ ਦੇ ਕੇਸ ਦਾੜ੍ਹੀ ਮੁੰਨ ਦੇਣ ਦੀਆਂ ਵਾਰਦਾਤਾਂ ਦਾ ਹੋਣਾ ਵੀ ਮੰਨਦਾ ਹੈ, ਜੋ ਨਿਰੋਲ ਸਿਖ ਧਰਮ ਦੀ ਹਾਨੀ ਦੀਆਂ ਗੱਲਾਂ ਹਨ।

ਉਕਤ ਸਾਰਾ ਕੁਝ ਮੰਨ ਕੇ ਵੀ ਕਮਿਸ਼ਨ ਇਨ੍ਹਾਂ ਵਾਕਿਆਤ ਨੂੰ ਕੇਵਲ ਸਮਾਜ-ਵਿਰੋਧੀ (anti-social) ਲੋਕਾਂ ਦੀ ਕਾਰਵਾਈ ਦਸਦਾ ਅਤੇ ਹਾਕਮ ਪਾਰਟੀ ਦੀ ਨਿਰਦੋਸ਼ਤਾ ਦਾ ਰਾਗ ਅਲਾਪਦਾ ਹੈ। ਮਿਸ਼ਰਾ ਕਮਿਸ਼ਨ ਦੀ ਰਿਪੋਰਟ ਦਾ ਏਨਾ ਵਿਸਥਾਰ ਦੇਣ ਦਾ ਭਾਵ ਸਾਡੀ ਵਰਤਮਾਨ ਕਾਂਗਰਸੀ ਸਰਕਾਰ ਦੀ ਭਾਂਤੋ ਭਾਂਤ ਦੇ ਕਮਿਸ਼ਨਾਂ ਦੀ ਨਿਯੁਕਤੀ ਵਾਲੀ ਨੀਤੀ ਪਿਛੇ ਛੁਪੀ ਅਸਲੀਅਤ ਨੂੰ ਨੰਗਾ ਕਰਨਾ ਹੀ ਹੈ। ਇਹ ਕਮਿਸ਼ਨ ਲੋਕਾਂ ਦੀਆਂ ਅੱਖੀਂ ਘੱਟਾ ਪਾਉਣ ਅਤੇ ਹਕੂਮਤ ਦੇ ਚੰਗੇ ਮੰਦੇ ਕੰਮਾਂ ਉਪਰ ਮੁਲੰਮਾ ਕਰਨ ਅਤੇ ਉਨ੍ਹਾਂ ਨੂੰ ਚਮਕਦਾ ਦਰਸਾਉਣ ਤੋਂ ਵਧ ਕੁਝ ਅਹਿਮੀਅਤ ਨਹੀਂ ਰਖਦੇ।

ਸਾਡੇ ਅਜਿਹੇ ਕਥਨ ਦਾ ਹੋਰ ਸਬੂਤ ਵੇਖਣਾ ਹੋਵੇ ਤਾਂ ਰਾਜੀਵ-ਲੌਂਗੋਵਾਲ ਸਮਝੌਤੇ ਉਪਰੰਤ ਬਣੇ ਸਰਕਾਰੀ ਕਮਿਸ਼ਨਾਂ ਨੂੰ ਸਰਸਰੀ ਨਜ਼ਰ ਵੇਖ ਲੈਣਾ ਹੀ ਕਾਫੀ ਹੋਵੇਗਾ।

[ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ ਵਲੋਂ ਛਪੇ ਟ੍ਰੈਕਟ ''ਪੰਜਾਬ ਲੀਰੋ ਲੀਰ'' ਵਿਚੋਂ]

**ਪਾਠਕ ਜੀ—** (੧) ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ।

(੨) ਚੰਦਾ ਖ਼ਤਮ ਹੋਣ ਦੀ ਮੋਹਰ ਪਰਚੇ ਪਿਛੇ ਜਦੋਂ ਵੇਖੋ, ਉਦੋਂ ਹੀ ਚੰਦਾ ਮਨੀਆਰਡਰ ਕਰਾ ਦਿਓ ਜੀ, ਨਹੀਂ ਤ ਪਰਚਾ ਬੰਦ ਹੋ ਜਾਏਗਾ।



www.AKJ.Org

# ਨਾ ਕੋ ਬੈਰੀ ਨਹੀ ਬਿਗਾਨਾ

[ਸ: ਨਰੈਣ ਸਿੰਘ ਜੀ ਐਮ. ਏ., ਸਕੱਤਰ, ਸ੍ਰੀ ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ]

ਸਵਾਲ ਹੁੰਦਾ ਹੈ, 'ਨਾ ਕੋ ਬੈਰੀ ਨਹੀ ਬਿਗਾਨਾ'* ਦੇ ਖੇਤਰ ਅੰਦਰ ਗੁਰੂ ਗੋਬਿੰਦ ਸਿੰਘ ਦੇ ਰੋਲ ਨੂੰ ਤੁਸੀਂ ਕੀ ਕਹੋਗੇ ? ਦਲੀਲ ਇਸ ਜ਼ਰੂਰੀ ਸਵਾਲ ਦਾ ਉਤਰ ਮੰਗਦੀ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਹਾੜੀ ਰਾਜਿਆਂ ਅਤੇ ਸਮੇਂ ਦੀ ਮੁਗਲ ਹਕੂਮਤ ਦੇ ਕਰਿੰਦਿਆਂ ਨਾਲ ੧੪ ਲੜਾਈਆਂ ਲੜੀਆਂ ਅਤੇ ਬਹੁਤੀਆਂ ਵਿਚ ਜਿੱਤ ਹਾਸਲ ਕੀਤੀ । ਕੀ ਗੁਰੂ ਸਾਹਿਬ ਬਗ਼ੈਰ ਵੈਰ-ਭਾਵਨਾ ਦੇ ਉਨ੍ਹਾਂ ਨਾਲ ਲੜੇ ਸਨ ਅਤੇ ਉਨ੍ਹਾਂ ਨੂੰ ਆਪਣਾ ਵੈਰੀ ਨਹੀਂ ਸਨ ਸਮਝਦੇ ?

ਜਵਾਬ—ਹਰਗਿਜ਼ ਨਹੀਂ ? ਇਸ ਦਾ ਜਵਾਬ ਦੇਣ ਲਈ ਸਮੇਂ ਦੇ ਇਤਿਹਾਸ ਤੇ ਨਜ਼ਰ ਮਾਰਨੀ ਪਵੇਗੀ ।

ਗੁਰੂ ਜੀ ਦੇ ਸਮੇਂ ਤੋਂ ਪਹਿਲੋਂ ਅਠ ਸੌ ਸਾਲਾਂ ਦਾ ਹਿੰਦੁਸਤਾਨ ਦਾ ਇਤਿਹਾਸ ਗਵਾਹ ਹੈ ਕਿ ਇਸ ਸਮੇਂ ਜਿੰਨੇ ਭੀ ਮੁਸਲਮਾਨ ਹਮਲਾਵਰ ਏਥੇ ਆਏ ਅਤੇ ਆਪਣੀਆਂ ਹਕੂਮਤਾਂ ਕਾਇਮ ਕੀਤੀਆਂ, ਉਨ੍ਹਾਂ ਨੇ ਇਸ ਦੇਸ਼ ਦੇ ਵਸਨੀਕਾਂ ਦੀ, ਜੋ ਆਮ ਕਰਕੇ ਗ਼ੈਰ-ਮੁਸਲਮਾਨ ਅਥਵਾ ਹਿੰਦੂ ਸਨ, ਏਨੀ ਪਤ ਲਾਹੀ, ਜਿਸ ਦੀ ਮਿਸਾਲ ਘਟ ਹੀ ਕਿਧਰੇ ਮਿਲਦੀ ਹੈ । ਨਿਰਾ ਉਨ੍ਹਾਂ ਦਾ ਧਨ-ਪਦਾਰਥ ਹੀ ਨਹੀਂ ਲੁਟਿਆ, ਬਲਕਿ ਉਨ੍ਹਾਂ ਦੀਆਂ ਧੀਆਂ ਭੈਣਾਂ ਨੂੰ ਜਬਰੀ ਉਠਾ ਲੈ ਗਏ, ਉਨ੍ਹਾਂ ਦਾ ਮਣਾਂ ਮੂੰਹੀਂ ਜਨੇਊ ਉਤਾਰ ਕੇ ਧੱਕੇ ਨਾਲ ਮੁਸਲਮਾਨ ਬਣਾਇਆ । ਜਿਨ੍ਹਾਂ ਮੁਸਲਮਾਨ ਬਣਨ ਤੋਂ ਨਾਂਹ ਕੀਤੀ, ਉਨ੍ਹਾਂ ਨੂੰ ਤਸੀਹੇ ਦੇ ਕੇ ਮਾਰ ਦਿਤਾ । ਉਨ੍ਹਾਂ ਦੇ ਮੰਦਰ ਢਾਹ ਦਿਤੇ ਗਏ । ਦੇਵੀ-ਦੇਵਤਿਆਂ ਦੇ ਬੁੱਤ ਤੋੜ ਕੇ ਪੈਰਾਂ ਹੇਠ ਸੁਟੇ ਗਏ ਅਤੇ ਗਊਆਂ ਦੇ ਲਹੂ ਨੁਹਾਏ ਗਏ ਅਤੇ ਹੋਰ ਬੇਅੰਤ ਕੁਛ ਕੀਤਾ ਗਿਆ । ਅਜਿਹਾ ਅਠ ਸੌ ਸਾਲ ਕੀਤਾ ਜਾਂਦਾ ਰਿਹਾ, ਪਰੰਤੂ ਕਿਸੇ ਦੇਸ਼-ਵਾਸੀ ਨੇ ਉਨ੍ਹਾਂ ਦੇ ਉਲਟ ਉਂਗਲ ਤਕ ਨਹੀਂ ਉਠਾਈ, ਕਿਉਂਕਿ ਉਨ੍ਹਾਂ ਦੇ ਧਰਮ ਸ਼ਾਸਤਰ ਨੇ ਉਨ੍ਹਾਂ ਨੂੰ 'ਅਹਿੰਸਾ ਪਰਮੋ ਧਰਮਾ' ਦਾ ਪੁਜਾਰੀ ਬਣਾ ਦਿਤਾ ਹੋਇਆ ਸੀ, ਉਹ ਕਿਸੇ ਦਾ ਲਹੂ ਵੀਟਣਾ—ਦੁਸ਼ਮਣ ਹੋਵੇ ਜਾਂ ਸਜਣ—ਮਹਾਂ ਪਾਪ ਸਮਝੇ ਹੋਏ ਸਨ । ਸਮੇਂ ਦੇ ਹਿੰਦ ਇਤਿਹਾਸ ਲਿਖਣ ਵਾਲਿਆਂ ਹਰ ਇਕ ਨੇ ਇਸ ਦੀ ਗਵਾਹੀ ਭਰੀ ਹੈ । ਬਲਕਿ ਗੁਰੂ ਨਾਨਕ ਦੇਵ ਜੀ ਨੇ, ਜਿਨ੍ਹਾਂ ਨੇ ਅਜਿਹਾ ਕੁਝ ਵਰਤਦਾ ਆਪਣੀ ਅਖੀਂ ਵੇਖਿਆ ਸੀ, ਇਸ ਦਾ ਬਾਣੀ ਅੰਦਰ ਬਹੁਤ ਥਾਈਂ ਜ਼ਿਕਰ ਕੀਤਾ ਹੈ, ਜਿਵੇਂ :

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥੧॥੧੬॥ (੧੪੫)
ਅਤੇ— ਰਾਜੇ ਸ਼ੀਹ ਮੁਕਦਮ ਕੁਤੇ ॥ ਜਾਇ ਜਗਾਇਨਿ੍ ਬੈਠੇ ਸੁਤੇ ॥੨॥੨੨॥ (੧੨੮੮)
ਤੇ— ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥... ...
ਤੇ— ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥੧॥

ਤਿਲੰਗ ਮ: ੧, ਪੰਨਾ ੭੨੨

ਉਸ ਸਮੇਂ ਦੀ ਹਿੰਦੂ ਰਿਆਇਆ ਦੀ ਤਸਵੀਰ ਸ੍ਰੀ ਦੌਲਤ ਰਾਏ ਆਰੀਆ ਨੇ ਆਪਣੀ ਉਰਦੂ ਵਿਚ ਲਿਖੀ ਅਤੇ ਸੰਨ ੧੯੦੧ ਵਿਚ ਛਪੀ ਪੁਸਤਕ 'ਸਵਾਨ੍ਹੇ ਉਮਰੀ ਗੁਰੂ ਗੋਬਿੰਦ ਸਿੰਘ' ਦੇ ਸਫਾ ੩੭ ਤੇ ਇਉਂ ਖਿਚੀ ਹੈ :

"ਹਿੰਦੂਓਂ ਮੇਂ ਅਬ ਅਹਿਲਿ ਇਸਲਾਮ ਕੀ ਤਾਕਤ ਕਾ ਮੁਕਾਬਲਾ ਕਰਨੇ ਕੀ ਨਾ ਤੋ ਸਲਾਹੀਅਤ ਥੀ, ਨ ਤਾਕਤ ਥੀ, ਨ ਭੁਜਾ-ਬਲ ਥਾ, ਨ ਧਰਮ ਬਲ ਰਹਾ ਥਾ—ਇਕ ਦੁਰਬਲ ਔਰ ਟੁਕੜੇ ਟੁਕੜੇ ਹੂਈ ਕੌਮ ਅਬ ਸਿਸਕਤੀ ਥੀ, ਔਰ ਨਜ਼ਦੀਕ ਥਾ ਕਿ ਇਸ ਕਾ ਜ਼ਿੰਦਗੀ ਕਾ ਨਫ਼ਸਿ ਆਖ਼ਰੀ ਨਿਕਲ ਜਾਏ ।"

ਜਦੋਂ ਦੇਸ ਅਤੇ ਇਸ ਦੀ ਜਨਤਾ ਦੀ ਦਸ਼ਾ ਇਸ ਹਾਲਤ ਨੂੰ ਪੁਜੀ ਹੋਵੇ ਤਾਂ ਇਸ ਉਪਰ ਗੁਰੂ ਗੋਬਿੰਦ

*ਕਾਨੜਾ ਮ: ੫, ਪੰਨਾ ੧੨੯੯



www.AKJ.Org

ਸਿੰਘ ਸਾਹਿਬ ਦਾ ਕਿਸੇ ਪਹਾੜ ਦੀ ਕੰਦਰਾ ਅੰਦਰ ਮੋਨ ਧਾਰ ਬੈਠਣਾ ਕਿਵੇਂ ਬਣ ਆਉਂਦਾ ਸੀ ? ਇਸ ਬਾਰੇ ਉਕਤ ਪੁਸਤਕ ਦੇ ਸਫਾ ੨੫੯ ਤੇ ਦਰਜ ਹੈ : "ਉਸ ਵਕਤ ਅਗਰ ਕੋਈ ਹਿੰਦੂ* ਬਾ-ਗ਼ੈਰਤ ਪੈਦਾ ਹੂਆ ਤੋ ਵੁਹ ਸਿਰਫ਼ ਗੁਰੂ ਗੋਬਿੰਦ ਸਿੰਘ ਹੀ ਥਾ। ਨਹੀਂ, ਨਹੀਂ, ਮੁਸਲਮਾਨੋਂ ਕੇ ਆਠ ਸੌ ਸਾਲ ਕੀ ਹਕੂਮਤ ਕੇ ਅਰਸਾ ਮੇਂ ਅਗਰ ਕਿਸੀ ਕੀ ਰਗਿ ਅਹਿਮੀਅਤ ਕੋ ਜੋਸ਼ ਆਇਆ, ਕਿਸੀ ਕੀ ਗ਼ੈਰਤ ਨੇ ਤਕਾਜ਼ਾ ਕੀਆ, ਔਰ ਉਕਸਾਯਾ ਤੋ ਵੁਹ ਗੁਰੂ ਗੋਬਿੰਦ ਸਿੰਘ ਹੀ ਥਾ।" ਦੌਲਤ ਰਾਇ ਆਪਣੀ ਪੁਸਤਕ ਦੇ ਸਫ਼ਾ ੭੨ ਤੇ ਇਉਂ ਭੀ ਲਿਖਦਾ ਹੈ : "ਗੁਰੂ ਗੋਬਿੰਦ ਸਿੰਘ ਮਜ਼ਹਬਿ ਇਸਲਾਮ ਕਾ ਦੁਸ਼ਮਨ ਨ ਥਾ, ਨ ਇਸ ਕੇ ਬਰਖ਼ਿਲਾਫ਼ ਦੁਸ਼ਮਨੀ ਸੇ ਉਸ ਕੋ ਕੁਛ ਫ਼ਾਇਦਾ ਕੀ ਉਮੀਦ ਥੀ। ਵੋਹ ਉਨ ਮੁਸਲਮਾਨੋਂ ਕਾ ਦੁਸ਼ਮਨ ਥਾ, ਜੋ ਮਜ਼ਹਬ ਕੇ ਲਿਬਾਸ ਮੇਂ ਜ਼ੁਲਮ ਔਰ ਓ ਸਿਤਮ ਕੇ ਆਦੀ ਥੇ।"

ਗੁਰੂ ਗੋਬਿੰਦ ਸਿੰਘ ਸਾਹਿਬ ਜਬਰ ਜ਼ੋਰ ਧੱਕੇ ਦੇ ਉਲਟ ਸਨ ਅਤੇ ਦੀਨ ਦੁਖੀ ਤੇ ਅਣਸਰਦੇ ਲੋਕਾਂ ਉਪਰ ਜ਼ੁਲਮ ਹੁੰਦਾ ਵੇਖ ਉਹ ਬਰਦਾਸ਼ਤ ਨਹੀਂ ਕਰ ਸਕਦੇ ਸਨ। ਗੁਰੂ ਗੋਬਿੰਦ ਸਿੰਘ ਸਾਹਿਬ ਹਮੇਸ਼ਾ ਅਸੂਲ ਦੀ ਲੜਾਈ ਲੜੇ। ਉਨ੍ਹਾਂ ਦੇ ਸਾਹਮਣੇ ਇਕ ਕਾਜ਼ (cause) ਸੀ, ਜਿਸ ਲਈ ਉਨ੍ਹਾਂ ਤਲਵਾਰ ਉਠਾਈ। ਵੈਰ-ਭਾਵਨਾ ਰਖ ਕੇ ਉਹ ਕਦੀ ਕਿਸੇ ਨਾਲ ਨਹੀਂ ਲੜੇ, ਜਿਸ ਦੇ ਕਈ ਸਬੂਤ ਹਨ :

ਪਹਿਲਾ ਇਹ ਕਿ ਗੁਰੂ ਜੀ ਨੇ ਕਦੀ ਲੜਾਈ ਦੀ ਪਹਿਲ ਨਹੀਂ ਕੀਤੀ, ਅਥਵਾ, ਕਦੀ ਕਿਸੇ ਉਪਰ ਹਮਲਾ ਨਹੀਂ ਕੀਤਾ। ਅਗਰ ਕੋਈ ਉਨ੍ਹਾਂ ਉਪਰ ਚੜ੍ਹ ਆਇਆ ਹੈ ਤਾਂ ਆਪਣੇ ਬਚਾਉ ਲਈ ਮੁਕਾਬਲੇ ਵਿਚ (defence ਹਿਤ) ਉਨ੍ਹਾਂ ਤਲਵਾਰ ਉਠਾਈ ਹੈ। ਉਹ ਵੀ ਉਸ ਵਕਤ ਜਦੋਂ ਸੁਲਹ ਸਫ਼ਾਈ ਨਾਲ, ਗੱਲ ਬਾਤ ਰਾਹੀਂ (through negotiations) ਗੱਲ ਸਿਰੇ ਨਹੀਂ ਲਗੀ ਅਤੇ ਨ ਕੋਈ ਹੋਰ ਹੀਲਾ ਲੜਾਈ ਰੋਕਣ ਦਾ ਹੋ ਸਕਿਆ। ਔਰੰਗਜ਼ੇਬ ਨੂੰ ਲਿਖੇ ਜ਼ਫ਼ਰਨਾਮੇ ਦੇ ਪੱਤਰ ਵਿਚ ਗੁਰੂ ਜੀ ਨੇ ਆਪਣੀ ਪੁਜ਼ੀਸ਼ਨ ਸਪਸ਼ਟ ਕਰਦੇ ਹੋਏ ਉਸ ਨੂੰ ਦਸਿਆ ਸੀ ਕਿ ਜਦੋਂ ਵਿਰੋਧੀ ਨਾਲ ਨਿਪਟਣ ਦਾ ਕੋਈ ਚਾਰਾ ਚਲਦਾ ਨ ਦਿਸੇ ਤਾਂ ਤਲਵਾਰ ਹੱਥ ਵਿਚ ਲੈਣੀ ਜਾਇਜ਼ ਹੁੰਦੀ ਹੈ—ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸਤ।

ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ।੨੨। (ਜ਼ਫ਼ਰਨਾਮਾ)

ਚਮਕੌਰ ਸਾਹਿਬ ਦੀ ਲੜਾਈ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਲਿਖਿਆ ਸੀ ਕਿ ਜਦੋਂ ਚਾਲੀ ਸਿੰਘਾਂ ਉਪਰ ਵੈਰੀ ਦੀ ਦਸ ਲਖ ਫ਼ੌਜ ਚੜ੍ਹ ਆਵੇ ਤਾਂ ਲੜਨ ਤੋਂ ਬਿਨਾਂ ਸਾਡੇ ਲਈ ਹੋਰ ਕੀ ਚਾਰਾ ਸੀ। ਜਿਸ ਤੋਂ ਇਹੋ ਸਿਧ ਹੁੰਦਾ ਹੈ ਕਿ ਗੁਰੂ ਜੀ ਨੂੰ ਮਜਬੂਰੀ ਦੀ ਹਾਲਤ ਵਿਚ ਹੀ ਲੜਨਾ ਪਿਆ ਸੀ।

ਗੁਰੂ ਜੀ ਵਲੋਂ ਲੜੀਆਂ ਲੜਾਈਆਂ ਦੀ ਦੂਜੀ ਵਿਸ਼ੇਸ਼ ਗੱਲ ਉਨ੍ਹਾਂ ਦੇ ਮਨ ਅੰਦਰ ਵਿਰੋਧੀ ਨੂੰ ਨੁਕਸਾਨ ਪਹੁੰਚਾਉਣ ਜਾਂ ਉਸ ਦੀ ਕਿਸੇ ਚੀਜ਼ ਜਾਂ ਇਲਾਕੇ (territory) ਦੀ ਮੱਲ ਮਾਰਨ (ਜਿਵੇਂ ਕਿ ਦੋ ਦੁਸ਼ਮਨਾਂ ਵਿਚਾਲੇ ਹੁੰਦਾ ਹੈ) ਦੇ ਨ ਹੋਣ ਦੀ ਹੈ। ਉਨ੍ਹਾਂ ਵਲੋਂ ਲੜੀਆਂ ੧੪ ਲੜਾਈਆਂ, ਜਿਨ੍ਹਾਂ ਵਿਚ ਸਿਵਾਇ ਇਕ ਅੱਧ ਦੇ ਗੁਰੂ ਜੀ ਹਮੇਸ਼ਾ ਹੀ ਵਿਰੋਧੀ ਨੂੰ ਪਛਾੜ ਦੇਂਦੇ ਰਹੇ, ਉਨ੍ਹਾਂ ਨੇ ਉਸ ਦੀ ਕਦੀ ਕੋਈ ਚੀਜ਼ ਨਹੀਂ ਖੋਹੀ, ਨ ਉਸ ਦਾ ਇਲਾਕਾ ਮੱਲ ਲੈਣ ਦਾ ਕਦੀ ਚਾਰਾ ਕੀਤਾ। ਜਦੋਂ ਵੀ ਵੈਰੀ ਹਾਰ ਮੰਨ ਕੇ ਪਿਛੇ ਹਟ ਗਿਆ ਤਾਂ ਵੀ ਗੁਰੂ ਜੀ ਨੇ ਉਸ ਦੇ ਲਈ ਕੋਈ ਵੈਰ-ਭਾਵਨਾ ਨਹੀਂ ਵਿਖਾਈ। ਹਾਰੇ ਹੋਏ ਵੈਰੀ ਦਾ ਪਿੱਛਾ ਕਰਨਾ ਅਤੇ ਉਸ ਨੂੰ ਮਾਰ ਮੁਕਾਉਣਾ ਜੇਤੂ ਧੜੇ ਦਾ ਹਮੇਸ਼ਾ ਕੰਮ ਹੁੰਦਾ ਹੈ, ਪਰੰਤੂ ਗੁਰੂ ਜੀ ਨੇ ਹਾਰੇ ਹੋਏ ਦੁਸ਼ਮਣ

* ਲਾ: ਦੌਲਤ ਰਾਇ ਆਰੀਆ ਸਮਾਜੀ ਸੀ ਅਤੇ ਉਸ ਨੇ ਦਸਮੇਸ਼ ਜੀ ਦੀ ਬੇਮਿਸਾਲ ਜੀਵਨੀ ਤੇ ਹਿੰਦੂਆਂ ਦੀ ਨਿਘਰੀ ਹਾਲਤ ਦਾ ਬਿਆਨ ਪੂਰੀ ਨੇਕ ਨੀਅਤੀ ਨਾਲ ਕੀਤਾ ਹੈ, ਪਰ ਨਾਲ ਹੀ ਸਿਖਾਂ ਅਤੇ ਗੁਰੂ ਸਾਹਿਬਾਨ ਨੂੰ ਹਿੰਦੂ ਸਾਬਤ ਕਰਨ ਵਿਚ ਕੋਈ ਕਸਰ ਨਹੀਂ ਛਡੀਂ; ਹਾਲਾਂ ਕਿ ਇਸੇ ਪੁਸਤਕ ਵਿਚ ਜੋ ਆਪ ਨੇ "ਖਾਲਸਾ ਧਰਮ ਦੇ ਬੁਨਿਆਦੀ ਅਸੂਲ" ਦਸੇ ਹਨ, ਉਨ੍ਹਾਂ ਤੋਂ ਸਪਸ਼ਟ ਹੁੰਦਾ ਹੈ ਕਿ ਖਾਲਸਾ ਬਿਲਕੁਲ ਨਿਵੇਕਲਾ ਤੇ ਵਖਰਾ ਧਰਮ ਹੈ!



www.AKJ.Org

ਦਾ ਵੀ ਕਦੀ ਪਿੱਛਾ ਨਹੀਂ ਕੀਤਾ ਅਤੇ ਉਸ ਨੂੰ ਆਪਣੀ ਮੌਜ ਚਲੇ ਜਾਣ, ਬਲਕਿ ਆਪਣੇ ਮਰਿਆਂ ਦੀਆਂ ਲਾਸ਼ਾਂ ਉਠਾ ਲੈ ਜਾਣ ਤਕ ਦੀ ਵੀ ਖੁਲ੍ਹ ਦਿਤੀ। ਏਨਾ ਹੀ ਨਹੀਂ, ਬਲਕਿ ਗੁਰੂ ਜੀ ਦਾ ਖਾਲਸੇ ਪ੍ਰਤੀ ਭੀ ਇਹੋ ਆਦੇਸ਼ ਸੀ ਕਿ ਹਾਰੇ ਤੇ ਭਜ ਗਏ ਵੈਰੀ ਨੂੰ ਮਾਰ ਮੁਕਾਉਣ ਲਈ ਉਸ ਦਾ ਪਿੱਛਾ ਹਰਗਿਜ਼ ਨਹੀਂ ਕਰਨਾ। ਇਸ ਗੱਲ ਦੀ ਪੁਸ਼ਟੀ ਕਾਜ਼ੀ ਨੂਰ ਮੁਹੰਮਦ [ਜੋ ਅਹਿਮਦ ਸ਼ਾਹ ਅਬਦਾਲੀ ਦੇ ਹਿੰਦੁਸਤਾਨ ਤੇ ਹਮਲੇ ਸਮੇਂ ਉਸ ਨਾਲ ਆਇਆ ਸੀ ਅਤੇ ਜਿਸ ਦੀ ਸਿੰਘਾਂ ਪ੍ਰਤੀ ਨਫ਼ਰਤ ਉਸ ਦੇ ਸਿੰਘ ਨੂੰ 'ਸਗ' (ਕੁੱਤਾ) ਲਿਖਣ ਤੋਂ ਜ਼ਾਹਿਰ ਹੈ] ਆਪਣੀ ਲਿਖੀ ਪੁਸਤਕ 'ਜੰਗ ਨਾਮਾ' ਵਿਚ ਸਿੰਘਾਂ ਦੀ ਵਡਿਆਈ, ਹੋਰ ਗੱਲਾਂ ਤੋਂ ਇਲਾਵਾ ਇਹ ਕਹਿ ਕੇ ਕਰਦਾ ਹੈ ਕਿ ਸਿੰਘ ਭਜ-ਨਿਕਲੇ ਦੁਸ਼ਮਣ ਦਾ ਪਿਛਾ ਨਹੀਂ ਕਰਦੇ। ਉਹ ਇਹ ਭੀ ਲਿਖਦਾ ਹੈ ਕਿ ਔਰਤ ਜਵਾਨ ਹੋਵੇ ਜਾਂ ਬੁਢੀ, ਉਹ ਹਰ ਔਰਤ ਨੂੰ ਬੁੜ੍ਹੀਆ ਕਹਿੰਦੇ ਹਨ ਤੇ ਉਸ ਨਾਲ ਬੁਰਾ ਭਲਾ ਨਹੀਂ ਕਰਦੇ, ਨ ਉਸ ਦਾ ਜ਼ੇਵਰ ਉਤਾਰਦੇ ਹਨ। ਦੁਨੀਆ ਭਰ ਦਾ ਪੁਰਾਣਾ ਅਤੇ ਨਵੀਨ ਇਤਿਹਾਸ ਕੋਈ ਐਸੀ ਮਿਸਾਲ ਪੇਸ਼ ਨਹੀਂ ਕਰਦਾ, ਜਿਸ ਵਿਚ ਦੁਸ਼ਮਣ ਦੀ ਜ਼ਨਾਨੀ ਨਾਲ ਏਨਾ ਚੰਗਾ ਸਲੂਕ ਕੀਤਾ ਗਿਆ ਹੋਵੇ; ਇਹ ਵਡਿਆਈ ਕੇਵਲ ਗੁਰੂ ਗੋਬਿੰਦ ਸਿੰਘ ਸਾਹਿਬ ਅਤੇ ਉਨ੍ਹਾਂ ਦੇ ਸਿੰਘਾਂ ਨੂੰ ਪ੍ਰਾਪਤ ਹੈ। ਗੁਰੂ ਜੀ ਦੀ ਸਿੰਘਾਂ ਨੂੰ ਸਖ਼ਤ ਤਾੜਨਾ ਸੀ ਕਿ ਇਸਤ੍ਰੀ ਸਜਣ ਦੀ ਹੋਵੇ ਜਾਂ ਦੁਸ਼ਮਣ ਦੀ, ਉਸ ਦਾ ਬੁਰਾ ਨਹੀਂ ਤੱਕਣਾ। ਉਕਤ ਸਾਰੀਆਂ ਗੱਲਾਂ ਇਸ ਗੱਲ ਦੇ ਪਰਤੱਖ ਸਬੂਤ ਹਨ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਕਿਸੇ ਨਾਲ ਵੈਰ-ਭਾਵਨਾ ਰਖਦੇ ਹੋਏ ਕਦੀ ਨਹੀਂ ਲੜੇ। ਉਨ੍ਹਾਂ ਨੇ—

'ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥' (੧੨੯੯)

ਦੇ ਮਹਾਨ ਅਸੂਲ ਤੇ ਦਿਲੋ-ਜਾਨ ਨਾਲ ਪਹਿਰਾ ਦਿਤਾ ਅਤੇ ਇਹੋ ਕੁਝ ਕਰਨਾ ਖਾਲਸੇ ਨੂੰ ਸਿਖਾਇਆ।

ਗੁਰੂ ਜੀ ਦਾ ਅਨਿੰਨ ਸਿਖ ਤੇ ਸੇਵਕ ਭਾਈ ਘਨਈਆ ਵਰ੍ਹਦੀਆਂ ਤਲਵਾਰਾਂ ਵਿਚ ਜ਼ਖ਼ਮੀ ਹੋ ਡਿਗੇ ਸਿਖਾਂ ਤੇ ਮੁਸਲਮਾਨਾਂ ਦੇ ਮੂੰਹ ਇਕ-ਸਾਰ ਪਾਣੀ ਪਾਉਂਦਾ ਤੇ ਉਨ੍ਹਾਂ ਨੂੰ ਸੁਰਜੀਤ ਕਰਦਾ ਸੀ। ਬਲਕਿ ਇਤਿਹਾਸ ਸਾਖੀ ਹੈ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਇਹ ਦਸਿਆ ਗਿਆ ਤਾਂ ਇਸ ਉਪਰ ਉਨ੍ਹਾਂ ਨੇ ਸਿਰਫ ਖ਼ੁਸ਼ੀ ਹੀ ਨਹੀਂ ਪ੍ਰਗਟਾਈ, ਸਗੋਂ ਉਸ ਨੂੰ ਜ਼ਖਮੀਆਂ ਦੇ ਫੱਟਾਂ ਤੇ ਮਲ੍ਹਮ ਲਾਉਣ ਦਾ ਭੀ ਹੁਕਮ ਦਿਤਾ। ਵੈਰ-ਭਾਵਨਾ ਰਖਦੇ ਮਨੁਖ ਨੇ ਆਪਣੇ ਦੁਸ਼ਮਣਾਂ ਨਾਲ ਕਦੀ ਅਜਿਹਾ ਸਲੂਕ ਕੀਤਾ ਵੇਖਿਆ ਜਾਂ ਸੁਣਿਆ ਹੈ? ਗੁਰੂ ਜੀ ਦੇ ਨਿਰਵੈਰ ਹੋਣ ਦੀ ਕੀ ਇਹ ਲਾਸਾਨੀ ਮਿਸਾਲ ਨਹੀਂ?

ਇਹ ਵਖਰੀ ਗੱਲ ਹੈ ਕਿ ਖਾਲਸਾ ਅਹਿੰਸਾ ਦਾ ਪੁਜਾਰੀ ਨਹੀਂ। ਧਰਮ ਦੀ ਬ੍ਰਿਧੀ ਅਤੇ ਅਧਰਮ ਦਾ ਨਾਸ਼ ਖਾਲਸੇ ਦਾ ਉਦੇਸ਼ ਮਿਥਿਆ ਗਿਆ ਹੋਇਆ ਸੀ, ਜਿਸ ਪ੍ਰਥਾਏ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਫ਼ਰਮਾਇਆ ਸੀ—

ਧਰਮ ਹੇਤ ਗੁਰਦੇਵ ਪਠਾਏ ॥ ਹਮ ਇਹ ਕਾਜ ਜਗਤ ਮੋ ਆਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸ਼ਟ ਦੋਖੀਅਨ ਪਕੜ ਪਛਾਰੋ ॥੪੨॥

ਉਨ੍ਹਾਂ ਕਿਹਾ ਸੀ—

ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥ ਦੁਸ਼ਟ ਸਭਨ ਕੋ ਮੂਲ ਉਪਾਰਨ ॥੪੩॥

[ਬਚਿਤ੍ਰ ਨਾਟਕ, ਅਧਿਆਇ ੬

ਸਿਖ ਵਿਚਾਰਧਾਰਾ ਧਰਮ ਦੇ ਬਲਧਾਰੀ ਹੋਣ ਦੇ ਵਿਸ਼ੇ ਤੇ ਉਸਰੀ ਹੋਈ ਹੈ। ਧਰਮ ਦੇ ਬਲਹੀਨ ਹੋਣ ਨਾਲ ਅਧਰਮ (vice) ਦੇ ਇਸ ਉਤੇ ਛਾ ਜਾਣ ਦਾ ਡਰ ਹਮੇਸ਼ਾ ਬਣਿਆ ਰਹਿੰਦਾ ਹੈ। ਇਸ ਲਈ ਗੁਰੂ ਜੀ ਦਾ ਖ਼ਾਲਸੇ ਪ੍ਰਤੀ ਆਦੇਸ਼ ਸੀ ਕਿ ਖਾਲਸੇ ਨੇ ਕਦੀ ਅਣਖਹੀਨ ਤੇ ਬਲਹੀਨ ਨਹੀਂ ਹੋਣਾ। ਗੁਰੂ ਗੋਬਿੰਦ ਸਿੰਘ ਜੀ ਦੇ ਸਾਹਮਣੇ ਸਤਿਗੁਰੂ ਬਾਬਾ ਨਾਨਕ ਜੀ ਦੇ ਫੁਰਮਾਨ ਸਨ:



www.AKJ.Org

ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥੧॥੧੦॥

[ਮ: ੧ ਸਲੋਕ, ਵਾਰ ਮਾਝ, ੧੪੨

ਅਤੇ– ਜਿਨ ਜੀਵੰਦਿਆ ਪਤਿ ਨਹੀ ਮੁਇਆ ਮੰਦੀ ਸੋਇ ॥੧॥੧੪॥ (੧੨੪੨)

ਅਤੇ– ਸਰਮੁ ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲਿ ॥੨॥੧੪॥

(ਮ: ੧, ਵਾਰ ਸਾਰੰਗ, ਪੰਨਾ ੧੨੪੩)

ਅਣਖ ਅਤੇ ਪਤਿ-ਵਿਹੂਣੇ ਲੋਕ-ਜੀਵਨ ਦੀਆਂ ਨਿਤ ਵਾਪਰਦੀਆਂ ਘਟਨਾਵਾਂ ਵੀ ਆਪ ਵੇਖ ਚੁਕੇ ਸਨ। ਆਪ ਇਹ ਵੀ ਜਾਣਦੇ ਸਨ ਕਿ ਲੋਕ ਵਿਖਾਵੇ ਦੇ ਸੰਜਮ, ਧਰਮ ਕਰਮ ਤੇ ਪਾਠ ਪੂਜਾ ਵੀ ਬਹੁਤ ਕਰਦੇ ਸਨ, ਪਰੰਤੂ ਆਪ ਦਾ ਵਿਚਾਰ ਸੀ–

ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ ॥੬॥ (੯੦੩)

ਸੋ ਆਪ ਲੋਕਾਂ ਨੂੰ ਇੱਜ਼ਤ ਆਬਰੂ (ਪਤਿ) ਵਾਲਾ ਜੀਵਨ ਜੀਉਣ ਦੇ ਰਾਹੇ ਪਾਉਣਾ ਚਾਹੁੰਦੇ ਸਨ, ਜੋ ਧਰਮ ਦੀ ਕੀਮਤ ਬਦਲ ਦੇਣ ਨਾਲ ਹੀ ਹੋ ਸਕਦਾ ਸੀ । ਉਸ ਸਮੇਂ ਦੀ ਧਰਮ ਦੀ ਪ੍ਰਵਾਣਤ ਪ੍ਰੀਭਾਸ਼ਾ ਨੇ ਲੋਕਾਂ ਨੂੰ ਬਲਹੀਨ ਕਰ ਦਿਤਾ ਹੋਇਆ ਸੀ । ਗੁਰੂ ਜੀ ਦੇ ਕੋਡ ਅੰਦਰ ਧਰਮ ਦਾ ਸ਼ਕਤੀਸ਼ਾਲਾ ਹੋਣਾ ਜ਼ਰੂਰੀ ਸੀ । ਸੋ ਆਪ ਨੇ ਧਰਮ ਦੀ ਵਿਆਖਿਆ ਇਨ੍ਹਾਂ ਸ਼ਬਦਾਂ ਵਿਚ ਕੀਤੀ :

ਧੰਨ ਜੀਉ ਤਿਹ ਕੋ ਜਗ ਮੈਂ ਮੁਖ ਤੇ ਹਰਿ ਚਿਤ ਮੈਂ ਜੁੱਧ ਬਿਚਾਰੈ ॥
ਦੇਹ ਅਨਿਤ ਨ ਨਿਤ ਰਹੈ ਜਸੁ ਨਾਵ ਚੜੈ ਭਵ ਸਾਗਰ ਤਾਰੈ ॥
ਧੀਰਜ ਧਾਮ ਬਨਾਇ ਇਹੈ ਤਨ ਬੁਧਿ ਸੁ ਦੀਪਕ ਜਿਉ ਉਜੀਆਰੈ ॥
ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ ॥੨੪੯੨॥

ਆਪ ਨੇ ਹਰ ਮਨੁਖ ਨੂੰ, ਜੋ ਆਪ ਦੀ ਚਰਨ-ਸ਼ਰਨ ਵਿਚ ਆਇਆ, 'ਸੰਤ ਸਿਪਾਹੀ' ਹੋਣ ਦਾ ਆਦੇਸ਼ ਦਿਤਾ। ਇਸ ਤੋਂ ਪਹਿਲੋਂ ਦੇ ਪ੍ਰਚੱਲਤ ਵਿਸ਼ਵਾਸ ਅਨੁਸਾਰ 'ਸੰਤ' ਇਕ ਧਾਰਮਕ ਵਿਅਕਤੀ ਸਮਝਿਆ ਜਾਂਦਾ ਸੀ ਅਤੇ 'ਸਿਪਾਹੀ' ਰਾਜਨੀਤਕ; ਜਿਸ ਦਾ ਸਿੱਟਾ ਸੀ ਕਿ ਸੰਤ ਸਮਰੱਥਾਹੀਨ ਤੇ ਅਣਖਹੀਨ ਹੋ ਚੁਕੇ ਸਨ ਅਤੇ ਸਿਪਾਹੀ ਦੇ ਸਿਰ ਪਰ ਧਰਮ ਦਾ ਕੁੰਡਾ ਨ ਹੋਣ ਕਾਰਨ ਉਹ ਜ਼ਾਲਮ ਹੋ ਗਿਆ ਸੀ । ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਨ੍ਹਾਂ ਦੋਹਾਂ ਦੇ ਸੁਮੇਲ ਤੋਂ 'ਸੰਤ ਸਿਪਾਹੀ' ਪੈਦਾ ਕੀਤਾ, ਜਿਸ ਦੀ ਵਡਿਆਈ ਕਰਦਾ ਹੋਇਆ ਦੌਲਤ ਰਾਇ ਆਰੀਆ ਆਪਣੀ ਕਿਤਾਬ ਦੇ ਸਫ਼ਾ ੨੫੧ ਤੇ ਲਿਖਦਾ ਹੈ : "ਵੋਹ ਤਾਕਤ ਜੋ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਧਰਮ ਮੇਂ ਬਾਹਮ ਪਹੁੰਚਾਈ, ਕੁਵਤਿ ਮਿਕਨਾਤੀਸੀ ਕੀ ਤਰਹ ਉਨ ਕੋ ਖੈਂਚ ਕਰ ਐਸਾ ਬਨਾਇਆ ਕਿ ਇਨ ਕੇ ਲੋਹੇ ਕਾ ਲੋਹਾ ਦੁਨੀਆ ਮਾਨਨੇ ਲਗੀ......ਗੁਰੂ ਗੋਬਿੰਦ ਸਿੰਘ ਨੇ ਪਾਉਂ ਕੋ ਸਰ ਬਨਾ ਦੀਆ।" ਇਸੇ ਲਈ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਜਿਥੇ ਅਕਾਲ ਪੁਰਖ ਦੀ ਰਛਿਆ ਮੰਗੀ ਹੈ, ਨਾਲ ਹੀ ਸਰਬ ਲੋਹ ਦੀ ਰਛਿਆ ਮੰਗੀ ਹੈ—

ਅਕਾਲ ਪੁਰਖ ਕੀ ਰਛਾ ਹਮ ਨੈ ॥
ਸਰਬ ਲੋਹ ਕੀ ਰਛਿਆ ਹਮ ਨੈ ॥ (ਅਕਾਲ ਉਸਤਤਿ, ਮੰਗਲ)

ਬਲਕਿ ਸ਼ਸਤਰ ਨੂੰ ਗੁਰੂ ਪੀਰ ਸਮਾਨ ਵਡਿਆਈ ਦਿਤੀ ਹੈ :

ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ ॥
ਸੈਫ ਸਰੋਹੀ ਸੈਹਥੀ ਯਹੈ ਹਮਾਰੇ ਪੀਰ ॥੩॥ [ਸ਼ਸਤ੍ਰ ਨਾਮ ਮਾਲਾ

ਸ਼ਸਤਰ, ਸਿੰਘ ਲਈ ਬਲ ਅਤੇ ਅਣਖ ਰਖਣ ਦੇ ਪ੍ਰਤੀਕ ਹਨ, ਵੈਰ-ਭਾਵਨਾ ਦੇ ਹਰਗਿਜ਼ ਨਹੀਂ। ਵੈਰ-ਭਾਵਨਾ ਵਾਲਾ ਮਨੁਖ ਨਿਰਵੈਰ ਨਿਰੰਕਾਰ ਦੀ ਖੁਸ਼ੀ ਕਿਵੇਂ ਲੈ ਸਕਦਾ ਹੈ ? ਸਿਖ ਦਾ ਅੰਤਮ ਨਿਸ਼ਾਨਾ ਆਪਣੀ ਜੋਤੀ ਨੂੰ ਵਾਹਿਗੁਰੂ ਦੀ ਜੋਤਿ ਅੰਦਰ ਸਮਾਉਣਾ ਹੈ—'ਜੋਤੀ ਅੰਦਰਿ ਜੋਤਿ ਸਮਾਨੀ' । ਇਹ ਤਦੋਂ ਹੀ ਹੋ



www.AKJ.Org

# ਤੱਤ ਵਸਤੂ ਗੁਰੂ ਘਰ ਵਿਚ ਹੀ ਹੈ

[ਵਲੋਂ—ਸਵਾਮੀ ਨਿਤਯਾ ਨੰਦ ਜੀ, ਰਿਖੀਕੇਸ਼]

ਇਹ ਬਿਆਨ ਸਵਾਮੀ ਨਿਤਯਾ ਨੰਦ ਰਿਖੀਕੇਸ਼ ਵਾਲੇ ਦਾ ੧੯੩੭ ਦੇ ਫ਼ਰਵਰੀ ਮਹੀਨੇ ਦੇ ਹਫ਼ਤਾਵਾਰੀ ਅਖ਼ਬਾਰ 'ਗੁਰੂ ਸੇਵਕ' ਅੰਮ੍ਰਿਤਸਰ ਵਿਚ ਛਪਿਆ ਸੀ ਤੇ ਸਵਾਮੀ ਨਿਤਯਾ ਨੰਦ ਦੀ ਲਿਖਤ ਪੁਸਤਕ "ਗੁਰ ਗਜਾਨ" ਦੇ ਮੁਢ ਵਿਚ 'ਅਪਨੀ ਬਾਤ' ਦੇ ਸਿਰਲੇਖ ਹੇਠ ਇਸ ਤਰ੍ਹਾਂ ਦਰਜ ਹੈ—

ਅਪਨੀ ਬਾਤ—

ਮੇਰਾ ਜਨਮ ਬੰਗਾਲ ਕਾ ਹੈ। ਏਕ ਜੋਗੀ ਜੀ ਹਮਾਰੇ ਨਗਰ ਮੇਂ ਕਭੀ ਕਭੀ ਆਇਆ ਕਰਤੇ ਥੇ। ਉਨ ਕਾ ਨਾਮ ਥਾ ਸਵਾਮੀ ਬ੍ਰਹਮਾ ਨੰਦ ਜੀ। ਇਨ ਕਾ ਜੀਵਨ ਰਹੱਸਯਮਈ ਜੀਵਨ ਥਾ। ਵਾਕ ਸਤਯਾ ਪ੍ਰਾਪਤੀ ਥੀ, ਜੋ ਮੂੰਹ ਸੇ ਨਿਕਲਤਾ, ਤਤਕਾਲ ਹੋ ਜਾਤਾ ਥਾ।

ਮੇਰੀ ਆਯੂ ਆਜ ੧੩੫ ਸਾਲ ਸੇ ਊਪਰ ਹੈ। ਭਾਰਤ ਵਰਸ਼ ਮੇਂ ਇਨ ਜੈਸੇ ਜੋਗੀ ਬਹੁਤ ਕਮ ਦੇਖਨੇ ਮੇਂ ਆਏ ਹੈਂ। ਮੇਰੇ ਪਿਤਾ ਜੀ ਕੀ ਇਨ ਪਰ ਅਤ ਸ਼ਰਧਾ ਥੀ।

ਏਕ ਦਿਨ ਯੇਹ ਹਮਾਰੇ ਘਰ ਕੇ ਦਰਵਾਜ਼ੇ ਪਰ ਆ ਖੜੇ ਹੂਏ, ਔਰ ਊਚੀ ਆਵਾਜ਼ ਸੇ ਕਹਾ, 'ਮੇਰੀ ਅਮਾਨਤ ਲਾਓ।' ਇਸ ਸੇ ਪਹਿਲੇ ਆਪ ਕਭੀ ਨਗਰ ਮੇਂ ਨਹੀਂ ਆਏ ਥੇ। ਉਨ ਕੋ ਦੇਖ ਕਰ ਸਾਰਾ ਪ੍ਰੀਵਾਰ ਚਕ੍ਰਿਤ ਰਹਿ ਗਿਆ। ਜੋਗੀ ਜੀ ਨੇ ਜੋ ਕੁਛ ਕਹਾ, ਉਸ ਨੇ ਔਰ ਭੀ ਵਿਸਮਤ ਕਰ ਦੀਆ। ਸਮਝਨੇ ਕੀ ਕੋਸ਼ਸ਼ ਕਰਨੇ ਪਰ ਭੀ ਪਿਤਾ ਜੀ ਨਾ ਸਮਝ ਸਕੇ ਕਿ ਜੋਗੀ ਜੀ ਕਿਆ ਮਾਂਗਤੇ ਹੈ। ਜੋਗੀ ਜੀ ਨੇ ਕੋਈ ਚੀਜ਼ ਕਭੀ ਦੀ ਹੀ ਨਹੀਂ ਥੀ, 'ਅਮਾਨਤ ਕੌਨ ਸੀ ਮਾਂਗਤ ਹੈਂ?' ਉਨਹੋਂ ਨੇ ਦੋ ਬਾਰ ਫਿਰ ਯਹ ਕਹਾ, 'ਮੇਰੀ ਅਮਾਨਤ ਲਾਓ'। ਪਿਤਾ ਜੀ ਨੇ ਚਰਨ ਪਕੜ ਲੀਏ ਔਰ ਕਹਾ, 'ਆਪ ਕੌਨ ਸੀ ਅਮਾਨਤ ਮਾਂਗਤੇ ਹੈਂ?' ਜੋਗੀ ਜੀ ਘਰ ਕੇ ਅੰਦਰ ਆ ਗਏ, ਆਤੇ ਹੀ ਮੇਰੇ ਕੰਧੇ ਪਰ ਹਾਥ ਰਖ ਕਰ ਕਹਾ ਕਿ 'ਯਹ ਲੜਕਾ ਮੇਰੀ ਅਮਾਨਤ ਹੈ, ਤੁਮਾਰੇ ਘਰ ਰਹਿਨੇ ਕਾ ਨਹੀਂ, ਮੁਝੇ ਦੇ ਦੋ।' ਹਮ ਚਾਰ ਸਹੋਦਰ ਭਾਈ ਥੇ, ਲੇਕਨ ਲੜਕਾ ਦੇਨਾ ਕੋਈ ਸਹਿਜ ਬਾਤ ਨਾ ਥੀ, ਔਰ ਜੋਗੀ ਜੀ ਕੀ ਬਾਤ ਕਾ ਉਲਟਨਾ ਭੀ ਮੁਸ਼ਕਿਲ ਥਾ। ਘਰ ਕੇ ਲੋਕ ਏਕ ਦੂਸਰੇ

---

ਸਕੇਗਾ ਜੇ ਜੋਤਿ ਤੇ ਜੋਤੀ ਅੰਦਰ ਭਿੰਨਤਾ ਨਹੀਂ ਹੋਵੇਗੀ, ਅਥਵਾ, ਇਕੋ ਜਿਹੇ ਹੋਣਗੇ। ਸਿਖ ਨਿਰਵੈਰ ਹੋ ਕੇ ਹੀ ਨਿਰਵੈਰ ਵਿਚ ਸਮਾ ਸਕਦਾ ਹੈ। ਸੋ ਸਿਖ ਦਾ ਆਦਰਸ਼ ਹੈ—

'ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥' (੧੨੯੯)

ਇਸੇ ਆਦਰਸ਼-ਪੂਰਤੀ ਲਈ ਹੀ ਸਿਖ ਹਰ ਰੋਜ਼ ਸਵੇਰੇ ਸ਼ਾਮ ਅਰਦਾਸ ਕਰਦਾ ਹੈ:

'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ'

ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਬਾਰ ਬਾਰ ਇਸ ਭਾਵ ਦੀ ਅਰਦਾਸ ਕਰਦੇ ਰਹਿਣਾ ਚਿਤਾਰਿਆ ਹੈ:

ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ ॥੧॥੩੬॥ (੧੨੫੧)

ਅਤੇ— ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥੧॥੧੦॥ (੮੫੩)

'ਸਰਬੱਤ' 'ਸਭੇ' ਅਤੇ 'ਜਗਤ' ਸ਼ਬਦਾਂ ਅੰਦਰ ਸੰਸਾਰ ਭਰ ਦਾ ਹਰ ਜੀਅ ਅਤੇ ਹਰ ਮਨੁਖ, ਸਜਣ ਹੈ ਜਾਂ ਦੁਸ਼ਮਨ, ਸ਼ਾਮਲ ਹੈ; ਤਾਂ ਫਿਰ ਅਜਿਹੀ ਅਰਦਾਸ ਨਿਤਾਪ੍ਰਤਿ ਕਰਦਾ ਹੋਇਆ ਸਿਖ ਕਿਸੇ ਦੂਜੇ ਨੂੰ ਆਪਣਾ ਦੋਖੀ ਜਾਂ ਵੈਰੀ ਕਿਵੇਂ ਸਮਝ ਸਕਦਾ ਹੈ? ਇਹੋ ਸਿੱਖੀ ਦੀ ਵਡਿਆਈ ਹੈ।

[ਟ੍ਰੈਕਟ "ਨਾ ਕੋ ਬੈਰੀ ਨਹੀ ਬਿਗਾਨਾ" ਵਿਚੋਂ



www.AKJ.Org

ਕੀ ਤਰਫ ਦੇਖਨੇ ਲਗੇ, ਸਭ ਕੇ ਮੂੰਹ ਬੰਦ ਥੇ। ਜੋਗੀ ਜੀ ਯੇਹ ਕਹਿ ਕਰ ਕਿ 'ਮੇਰੀ ਅਮਾਨਤ ਜਲਦੀ ਮੇਰੇ ਪਾਸ ਪਹੁੰਚਾ ਦੋ', ਅਪਨੀ ਕੁਟੀਆ ਕੀ ਤਰਫ ਚਲੇ ਗਏ। ਸੰਧਯਾ ਕੋ ਮੇਰੀ ਮਾਤਾ ਔਰ ਪਿਤਾ ਜੀ ਜੋਗੀ ਜੀ ਕੇ ਪਾਸ ਗਏ, ਵਹਾਂ ਕਿਆ ਬਾਤ ਚੀਤ ਹੂਈ, ਮੁਝੇ ਨਹੀਂ ਬਤਾਈ ਗਈ, ਹਾਂ ਦੂਸਰੇ ਦਿਨ ਪ੍ਰਾਤਾਕਾਲ ਮੁਝੇ ਜੋਗੀ ਜੀ ਕੀ ਕੁਟੀਆ ਮੇਂ ਪਹੁੰਚਾ ਦੀਆ ਗਿਆ। ਛੀ ਮਾਸ ਵਹਾਂ ਰਹਿਨੇ ਕੇ ਪਸ਼ਚਾਤ ਜੋਗੀ ਜੀ ਮੁਝੇ ਸਾਥ ਲੇ ਕਰ ਵਹਾਂ ਸੇ ਚਲੇ ਆਏ।

ਜੋਗੀ ਜੀ ਸੰਸਕ੍ਰਿਤ ਕੇ ਧੁਰੰਧਰ ਵਿਦਵਾਨ ਥੇ, ਔਰ ਅਪਨੇ ਸ਼ੁਭ ਨਾਮ ਕੋ ਸਾਰਥਕ ਕਰਨੇ ਵਾਲੇ ਥੇ। ਸਮਝਨੇ ਕੀ ਬਾਤੇਂ ਉਨਹੋਂ ਨੇ ਮੁਝੇ ਸਮਝਾਈਂ ਔਰ ਸਿਖਾਨੇ ਕੀ ਬਾਤੇਂ ਸਿਖਾਈਂ। ਜਿਸ ਜਗ੍ਹੇ ਔਰ ਕੋਈ ਸਿਧ ਜੋਗੀ ਦੇਖਾ, ਵਹਾਂ ਠਹਿਰ ਕਰ ਮੁਝੇ ਉਸ ਸੇ ਲਾਭ ਉਠਾਨੇ ਕਾ ਅਵਸਰ ਦੀਆ। ਮਦਰਾਸ, ਬਿਹਾਰ, ਉੜੀਸਾ, ਬੰਬਈ, ਕਾਨਪੁਰ, ਆਗਰਾ ਅਰ ਪ੍ਰਯਾਗਰਾਜ ਵਿਚਰਤੇ ਤੀਰਥ ਯਾਤਰਾ ਕਰਤੇ ਪੰਜਾਬ ਮੇਂ ਆਏ। ਯਹਾਂ ਏਕ ਉਦਾਸੀਨ ਮਹਾਂ ਭਾਊ ਕੇ ਦਰਸ਼ਨ ਹੂਏ। ਵਿਚਾਰ ਚਰਚਾ ਮੇਂ ਦਿਨ ਬੀਤਨੇ ਲਗੇ। ਉਦਾਸੀ ਜੀ ਕਾ ਨਾਮ ਸਵਾਮੀ ਸਤਯਾ ਨੰਦ ਜੀ ਥਾ। ਇਨਹੋਂ ਨੇ ਗੁਰੂ ਘਰ ਕੀ ਰੀਤੀ ਔਰ ਨੀਤੀ ਕੁਛ ਐਸੇ ਢੰਗ ਸੇ ਸੁਨਾਈ ਕਿ ਸ੍ਰੀ ਸਵਾਮੀ ਬ੍ਰਹਮਾ ਨੰਦ ਜੀ ਮੁਗਧ ਹੋ ਗਏ। ਅੰਮ੍ਰਿਤਸਰ ਗੁਰੂ ਦਰਬਾਰ ਕੇ ਦਰਸ਼ਨ ਕਰ ਕੇ ਉਨ ਕੀ ਆਤਮਾ ਪਰ ਕੁਛ ਇਸ ਤਰਹ ਕੇ ਪ੍ਰਭਾਵ ਪੜੇ ਕਿ ਵੋਹ 'ਗੁਰੂ ਘਰ' ਕੇ ਹੀ ਹੋ ਗਏ। ਕੁਛ ਸਮਾਂ ਪੰਜਾਬ ਮੇਂ ਵਿਤੀਤ ਕੀਆ, ਫਿਰ ਹਰੀਦਵਾਰ ਚਲੇ ਗਏ। ਵਹਾਂ ਇਕ ਦਿਨ ਅਛੇ ਭਲੇ ਬੈਠੇ ਥੇ, ਉਨ ਕੀ ਆਂਖੇਂ ਡੁਬਡੁਬਾਤੀ ਦੇਖ ਕਰ ਮੈਂ ਨੇ ਕਾਰਨ ਪੂਛਾ। ਉਨਹੋਂ ਨੇ ਉਤਰ ਦੀਆ ਕਿ—

> "ਉਮਰ ਭਰ ਰੇਤ ਛਾਨਾ ਕੀ, ਤਤ ਵਸਤੂ ਗੁਰੂ ਘਰ ਮੇਂ ਥੀ। ਅਬ ਏਕ ਜਨਮ ਗੁਰੂ ਘਰ ਮੇਂ ਲੇਨਾ ਪੜੇਗਾ, ਤਬ ਕਲਯਾਨ ਹੋਗੀ।" ਯਹ ਕਹਿਤੇ ਉਨਹੋਂ ਨੇ ਸਰੀਰ ਛੋੜ ਦੀਆ।

ਮੈਂ ਭੀ ਗੁਰੂ ਨਾਨਕ ਦੇਵ ਕੇ ਘਰ ਕੇ 'ਵਾਹਿਗੁਰੂ' ਮੰਤਰ ਕਾ ਜਾਪ ਕਰਤਾ ਹੂੰ। ਜੋਗ ਸਾਧਨ ਜੋਗਾਚਾਰਯਾ ਕੇ ਪਾਸ ਬੈਠ ਕਰ ਕੀਏ, ਔਰ ਸਾਲਹਾ ਸਾਲ ਕੀਏ, ਔਰ ਜੋ ਸ਼ਾਂਤੀ ਮੁਝੇ ਅਬ ਪ੍ਰਾਪਤ ਹੈ, ਵਹਿ ਪਹਿਲੇ ਕਭੀ ਨਹੀਂ ਮਿਲੀ।

ਗੁਰੂ ਮਾਰਗ ਪੂਰਨ ਹੈ। 'ਵਾਹਿਗੁਰੂ' ਸ਼ਬਦ ਕੀ ਮਹਿਮਾ ਕਹੀ ਨਹੀਂ ਜਾ ਸਕਤੀ। ਗੁਰੂ ਨਾਨਕ ਔਰ ਗੁਰੂ ਗੋਬਿੰਦ ਸਿੰਘ ਕੀ ਸਿਖਿਆ ਅੰਮ੍ਰਿਤ ਹੈ। ਗੁਰੂ ਬਾਣੀ ਸੇ ਬੜ੍ਹ ਕਰ ਕਲਯਾਨਕਾਰੀ ਔਰ ਬਾਣੀ ਨਹੀਂ।

ਜੋਗੀ ਜੀ ਨੇ ਆਂਖੇਂ ਬੰਦ ਕਰਨੇ ਸੇ ਪਹਿਲੇ ਜੋ ਸੰਦੇਸ਼ ਮੁਝੇ ਦੀਆ, ਦੂਸਰੋਂ ਤਕ ਪਹੁੰਚਾਨਾ ਮੇਰਾ ਕਰਤਵਯਾ ਹੈ, "ਜੋ ਸਿਧੀ ਔਰ ਪ੍ਰਾਪਤੀ 'ਵਾਹਿਗੁਰੂ' ਨਾਮ-ਜਾਪ ਸੇ ਸਹਿਜ ਮੇਂ ਹੋ ਜਾਤੀ ਹੈ, ਵੁਹ ਕਠਨ ਸਾਧਨ ਕਰਨੇ ਸੇ ਭੀ ਦੁਸਤਰ ਪ੍ਰਾਪਤ ਹੋਤੀ ਹੈ, ਯੇਹ ਸਤਯ ਹੈ, ਪ੍ਰੀਖਿਆ ਕੀਆ ਹੂਆ ਸਤਯ ਹੈ, ਔਰ ਨਿਰ-ਵਿਵਾਦ ਸਤਯ ਹੈ।

ਨਿਤਯਾ ਨੰਦ 'ਨੀਲ ਗੜ੍ਹੀ', ਹੁਣ ਰਿਖੀਕੇਸ਼

---

## ਗੁਰਬਾਣੀ ਦੀਆਂ ਲਗਾਂ ਮਾਤ੍ਰਾਂ ਦੀ ਵਿਲੱਖਣਤਾ


ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਉਪਰੋਕਤ ਪੁਸਤਕ ਗੁਰਬਾਣੀ ਵਿਚ ਵਰਤੇ ਵਿਆਕਰਣ ਦੇ ਗੁਝੇ ਭੇਦਾਂ ਨੂੰ ਖੋਲ੍ਹਦੀ ਹੈ। ਇਸ ਪੁਸਤਕ ਦੀ ਦੂਜੀ ਛਾਪ ਤਿਆਰ ਹੋ ਗਈ ਹੈ। ਜਿਨ੍ਹਾਂ ਇਹ ਪੁਸਤਕ ਅਜੇ ਤਕ ਨਹੀਂ ਪੜ੍ਹੀ, ਉਹ ਅਜ ਹੀ ਪ੍ਰਾਪਤ ਕਰੋ ਜੀ।

੨੩×੩੬/੮ ਸਾਈਜ਼, ਪੰਨੇ ੫੦੦,

ਵਧੀਆ ਕਾਗਜ਼ ਤੇ ਜਿਲਦ, ਭੇਟਾ ੨੫/—ਰੁਪਏ ਹੈ ਜੀ।





www.AKJ.Org

# ਰਾਣੀ ਸਦਾ ਕੌਰ ਜੀ

]ਸ: ਵਰਿਆਮ ਸਿੰਘ ਜੀ ਦਿਆਲ, ਗਾਂਧੀ ਨਗਰ, ਦਿਲੀ ੩੧]

"ਹਿੰਦੁਸਤਾਨ ਦੀਆਂ ਪ੍ਰਸਿੱਧ ਇਸਤ੍ਰੀਆਂ ਵਿਚੋਂ ਰਾਣੀ ਸਦਾ ਕੌਰ ਇਕ ਵੱਡੀ ਪਦਵੀ ਰਖਦੀ ਹੈ।"
(ਸੀਤਾ ਰਾਮ ਕੋਹਲੀ)

ਰਾਣੀ ਸਦਾ ਕੌਰ ਦਾ ਜਨਮ ੧੭੬੨ ਈ: ਨੂੰ ਸ: ਦਸਵੰਧਾ ਸਿੰਘ ਦੇ ਘਰ ਹੋਇਆ। ਸ: ਦਸਵੰਧਾ ਸਿੰਘ ਜੀ ਉਨ੍ਹਾਂ ਬੀਰ ਪੁਰਸ਼ਾਂ ਵਿਚੋਂ ਸਨ, ਜਿਨ੍ਹਾਂ ਨੂੰ ਖਾਲਸਾ ਪੰਥ ਦੀ ਸੇਵਾ ਕਰਨ ਦਾ ਮਾਣ ਪ੍ਰਾਪਤ ਰਿਹਾ ਹੈ। ਆਪ ਦੇ ਖ਼ਾਨਦਾਨ ਨੂੰ 'ਅਲਕੋਲ' ਸਦਿਆ ਜਾਂਦਾ ਸੀ। ਆਪ ਨੇ ਸਦਾ ਕੌਰ ਦਾ ਵਿਆਹ, ਘਨਈਆ ਮਿਸਲ ਦੇ ਬਾਨੀ, ਸ: ਜੈ ਸਿੰਘ ਦੇ ਸਪੁੱਤਰ ਸ: ਗੁਰਬਖ਼ਸ਼ ਸਿੰਘ ਨਾਲ ਕਰ ਦਿੱਤਾ। ਸ: ਗੁਰਬਖਸ਼ ਸਿੰਘ ਆਪਣੇ ਸਮੇਂ ਦਾ ਇਕ ਅਦੁਤੀ ਯੋਧਾ ਸੀ।

ਸਹੁਰੇ ਘਰ ਆ ਕੇ ਰਾਣੀ ਸਦਾ ਕੌਰ ਦੀ ਕੁਖੋਂ ਇਕ ਬੱਚੀ ਦਾ ਜਨਮ ਹੋਇਆ, ਜਿਸ ਦਾ ਨਾਂ ਮਹਿਤਾਬ ਕੌਰ ਰਖਿਆ ਗਿਆ। ਰਾਣੀ ਅਜੇ ੨੨ ਸਾਲਾਂ ਦੀ ਭਰਪੂਰ ਜਵਾਨੀ ਵਿਚ ਹੀ ਸੀ ਕਿ ਪਤੀ ਦਾ ਸਾਇਆ ਸਿਰ ਤੋਂ ਉਠ ਗਿਆ। ਇਹ ਭਾਣਾ ਇਸ ਤਰ੍ਹਾਂ ਵਰਤਿਆ ਕਿ ੧੭੮੪ ਈ: ਵਿਚ ਸ: ਜੱਸਾ ਸਿੰਘ ਰਾਮਗੜ੍ਹੀਆ, ਸ: ਮਹਾਂ ਸਿੰਘ ਸ਼ੁਕਰਚਕੀਆ ਅਤੇ ਰਾਜਾ ਸੰਸਾਰ ਚੰਦ ਕਟੋਚੀਆ ਨੇ ਮਿਲ ਕੇ ਘਨੱਈਆ ਮਿਸਲ ਦੇ ਸਰਦਾਰਾਂ ਤੇ ਹਮਲਾ ਕਰ ਦਿਤਾ। ਬਟਾਲੇ ਤੋਂ ਦੋ ਮੀਲ ਦੇ ਫ਼ਾਸਲੇ ਤੇ ਅਚਲ ਦੇ ਮੈਦਾਨ ਵਿਚ ਟੱਕਰ ਹੋਈ। ਇਸ ਟੱਕਰ ਵਿਚ ਬਹਾਦਰ ਜੋਧਾ ਸ: ਗੁਰਬਖਸ਼ ਸਿੰਘ ਮਾਰਿਆ ਗਿਆ। ਰਾਣੀ ਸਦਾ ਕੌਰ ਲਈ ਇਹ ਬੜਾ ਅਸਹਿ ਸਦਮਾ ਸੀ ਅਤੇ ਬੜੀ ਭਾਰੀ ਪ੍ਰੀਖਿਆ ਦਾ ਸਮਾਂ ਸੀ।

ਗਿ: ਭਜਨ ਸਿੰਘ ਜੀ ਪੁਸਤਕ 'ਸਾਡੇ ਜਰਨੈਲ' ਵਿਚ ਲਿਖਦੇ ਹਨ ਕਿ ਮੈਦਾਨਿ ਜੰਗ ਵਿਚ ਸ: ਗੁਰਬਖਸ਼ ਸਿੰਘ ਦੀ ਲਾਸ਼ ਪਈ ਸੀ। ਪਤੀ ਪਾਸ ਜਾ ਕੇ ਸਦਾ ਕੌਰ ਨੇ ਨਮਸਕਾਰ ਕੀਤੀ ਤੇ ਉਹਦਾ ਸ਼ਸਤਰਾਂ ਵਾਲਾ ਕਮਰਕਸਾ ਆਪਣੇ ਹੱਥ ਨਾਲ ਖੋਲ੍ਹ ਕੇ ਆਪ ਪਹਿਨ ਲਿਆ ਤੇ ਦੁਪੱਟਾ ਲਾਹ ਕੇ ਛੋਟੀ ਦਸਤਾਰ ਬਣਾ ਲਈ। ਉਸ ਨੂੰ ਸਜਾ ਕੇ ਘਨਈਆ ਮਿਸਲ ਦੀ ਕਮਾਨ ਉਸ ਨੇ ਆਪ ਸੰਭਾਲ ਲਈ।

ਸਰਦਾਰ ਜੈ ਸਿੰਘ ਘਨਈਆ ਹੁਣ ਜ਼ਿਆਦਾ ਦੇਰ ਜੀਉਂਦਾ ਨਹੀਂ ਰਹਿ ਸਕਿਆ। ਪੁੱਤਰ ਦੇ ਵਿਛੋੜੇ ਦੀ ਸੱਟ ਨੇ ਬੁੱਢੇ ਸਰਦਾਰ ਦੀ ਕਮਰ ਤੋੜ ਦਿੱਤੀ ਸੀ।

ਰਾਣੀ ਸਦਾ ਕੌਰ ਇਕ ਵੱਡੇ ਹੌਸਲੇ ਵਾਲੀ ਇਸਤ੍ਰੀ ਸੀ। ਪਤੀ ਅਤੇ ਸਹੁਰੇ ਦੇ ਚਲਾਣੇ ਤੋਂ ਬਾਅਦ ਉਸ ਨੇ ਦਿਲ ਨਹੀਂ ਹਾਰਿਆ। ਘਨਈਆ ਮਿਸਲ ਦੇ ਸਭ ਕੰਮ ਐਸੀ ਯੋਗਤਾ ਨਾਲ ਨਿਭਾਏ ਕਿ ਸ: ਜੈ ਸਿੰਘ ਅਤੇ ਸ: ਗੁਰਬਖਸ਼ ਸਿੰਘ ਦੀ ਅਣਹੋਂਦ ਨੂੰ ਕਿਸੇ ਨੇ ਮਹਿਸੂਸ ਤਕ ਨਾ ਕੀਤਾ।

ਘਨਈਆ ਤੇ ਸ਼ੁਕਰਚਕੀਆ ਮਿਸਲਾਂ ਵਿਚ ਜੋ ਵੈਰ ਮੁੱਢ ਤੋਂ ਚਲਾ ਆ ਰਿਹਾ ਸੀ, ਉਸ ਨੂੰ ਮਿਟਾਉਣ ਲਈ ਸਦਾ ਕੌਰ ਨੇ ਬੜੀ ਸਿਆਣਪ ਤੋਂ ਕੰਮ ਲਿਆ ਅਤੇ ੧੭੮੬ ਈ: ਵਿਚ ਆਪਣੀ ਬੱਚੀ ਮਹਿਤਾਬ ਕੌਰ ਦਾ ਰਿਸ਼ਤਾ ਸ: ਮਹਾਂ ਸਿੰਘ ਸ਼ੁਕਰਚਕੀਏ ਦੇ ਸਪੁੱਤਰ ਸ: ਰਣਜੀਤ ਸਿੰਘ ਨਾਲ ਕਰ ਦਿਤਾ। ਇਸ ਤਰ੍ਹਾਂ ਦੋਵੇਂ ਮਿਸਲਾਂ ਜੁੜ ਗਈਆਂ।

੧੭੯੨ ਈ: ਵਿਚ ਮਹਾਂ ਸਿੰਘ ਸਖ਼ਤ ਬਿਮਾਰ ਹੋ ਗਿਆ। ਉਸ ਨੇ ਰਾਣੀ ਸਦਾ ਕੌਰ ਨੂੰ ਗੁਜਰਾਂਵਾਲੇ ਸਦਿਆ ਅਤੇ ਰਣਜੀਤ ਸਿੰਘ ਦੀ ਸੌਂਪਣਾ ਉਸ ਦੇ ਸਪੁਰਦ ਕਰਦਾ ਹੋਇਆ ਸਦਾ ਲਈ ਅੱਖਾਂ ਮੀਟ ਗਿਆ। ਰਣਜੀਤ ਸਿੰਘ ਦੀ ਉਮਰ ਉਸ ਸਮੇਂ ੧੨ ਕੁ ਸਾਲ ਸੀ। ਇਤਨੀ ਛੋਟੀ ਉਮਰ ਵਿਚ, ਸ਼ੁਕਰਚਕੀਆ ਮਿਸਲ ਨੂੰ ਸੰਭਾਲਣਾ ਬੜੀ ਮੁਸ਼ਕਿਲ ਗੱਲ ਸੀ, ਪਰ ਰਾਣੀ ਸਦਾ ਕੌਰ ਨੇ ਉਸ ਨੂੰ ਡੋਲਣ ਨ ਦਿਤਾ। ਉਸ ਦੀ ਮਿਸਲ ਦੀ ਰਖਿਆ ਦਾ ਭਾਰ ਵੀ ਆਪਣੇ ਸਿਰ ਤੇ ਚੁਕ ਲਿਆ। ਇਸ ਤਰ੍ਹਾਂ ਰਾਣੀ ਸਦਾ ਕੌਰ ਦੋਹਾਂ ਮਿਸਲਾਂ ਦੀ ਮਿਸਲਦਾਰਨੀ



www.AKJ.Org

ਬਣ ਕੇ ਕਈ ਸਾਲ ਕੰਮ ਚਲਾਉਂਦੀ ਰਹੀ। ਜਦੋਂ ਦੇਖਿਆ ਕਿ ਰਣਜੀਤ ਸਿੰਘ ਕੁਝ ਸਿਆਣਾ ਹੋ ਗਿਆ ਹੈ ਤਾਂ ਉਸ ਦੀ ਮਿਸਲ ਦਾ ਪ੍ਰਬੰਧ ਉਸ ਦੇ ਹਵਾਲੇ ਕਰ ਦਿੱਤਾ।

ਰਾਣੀ ਸਦਾ ਕੌਰ ਦੇ ਹਿਰਦੇ ਵਿਚ ਆਪਣੇ ਦੇਸ਼ ਲਈ ਅਥਾਹ ਪਿਆਰ ਸੀ। ਉਹ ਚਾਹੁੰਦੀ ਸੀ ਕਿ ਬਾਹਰਲੇ ਹਮਲਾਵਰ, ਜੋ ਦੇਸ਼ ਨੂੰ ਲੁਟਣ ਲਈ ਨਿਤ ਆ ਜਾਂਦੇ ਸਨ, ਉਨ੍ਹਾਂ ਦਾ ਰਾਹ ਸਦਾ ਲਈ ਬੰਦ ਕੀਤਾ ਜਾਏ। ਇਹ ਤਦ ਹੀ ਹੋ ਸਕਦਾ ਸੀ, ਜੇ ਪੰਜਾਬ ਵਿਚ ਖਾਲਸਾ ਰਾਜ ਦੀ ਸਥਾਪਨਾ ਹੋ ਜਾਏ। ਫਿਰ ਖਾਲਸਾ ਰਾਜ ਸਭ ਦਾ ਸਾਂਝਾ ਹੋਣਾ ਚਾਹੀਦਾ ਹੈ ਅਤੇ ਉਸ ਵਿਚ ਇਤਨੀ ਸ਼ਕਤੀ ਹੋਵੇ ਕਿ ਇਨ੍ਹਾਂ ਹਮਲਿਆਂ ਦਾ ਮੂੰਹ-ਤੋੜ ਜਵਾਬ ਦੇ ਸਕੇ।

ਰਾਣੀ ਸਦਾ ਕੌਰ ਦੇ ਅਜਿਹੇ ਖਿਆਲ ਕਿਉਂ ਬਣੇ ? ਆਉ ! ਹੁਣ ਇਸ ਦਾ ਥੋੜਾ ਜਿਹਾ ਪਿਛੋਕੜ ਦੇਖੀਏ। ੧੭੩੯ ਈ: ਵਿਚ ਨਾਦਰਸ਼ਾਹ ਨੇ ਹਿੰਦੁਸਤਾਨ ਤੇ ਹਮਲਾ ਕੀਤਾ। ਫਿਰ ਅਹਿਮਦ ਸ਼ਾਹ ਅਬਦਾਲੀ ਨੇ ੧੭੪੮ ਈ. ਤੋਂ ਲੈ ਕੇ ੧੭੬੯ ਈਸਵੀ ਤਕ ੧੧ ਹਮਲੇ ਕੀਤੇ। ਅਹਿਮਦ ਸ਼ਾਹ ਤੋਂ ਬਾਅਦ, ਉਸ ਦੇ ਪੁੱਤਰ, ਤੈਮੂਰ ਸ਼ਾਹ ਦੇ ਦੋ ਹਮਲੇ ੧੭੭੫ ਅਤੇ ੧੭੭੯ ਈ. ਵਿਚ ਹੋਏ। ਤੈਮੂਰ ਸ਼ਾਹ ਤੋਂ ਬਾਅਦ, ਉਸ ਦੇ ਪੁੱਤਰ ਜ਼ਮਾਨ ਸ਼ਾਹ ਦੀ ਵਾਰੀ ਆਈ। ਉਸ ਦੇ ੧੭੯੩ ਤੋਂ ਲੈ ਕੇ ੧੭੯੮ ਈ. ਤਕ ਚਾਰ ਹਮਲੇ ਹਨ।

ਇਨ੍ਹਾਂ ਸਭ ਹਮਲਿਆਂ ਦਾ ਮਕਸਦ ਸਿਰਫ਼ ਇਹੋ ਸੀ ਕਿ ਹਿੰਦੁਸਤਾਨ ਦੀ ਦੌਲਤ ਅਤੇ ਇੱਜ਼ਤ ਨੂੰ ਖੂਬ ਲੁਟਿਆ ਜਾਏ। ਇਹ ਸਭ ਹਮਲੇ ਅਫ਼ਗਾਨਿਸਤਾਨ ਵਲੋਂ ਹੋਏ ਸਨ। ਉਸ ਸਮੇਂ ਸਿੱਖ ਹੀ ਇਕ ਐਸੀ ਕੌਮ ਸੀ, ਜਿਸ ਨੇ ਹਮਲਾਵਰਾਂ ਦਾ ਮੂੰਹ-ਤੋੜ ਮੁਕਾਬਲਾ ਕੀਤਾ ਅਤੇ ਉਨ੍ਹਾਂ ਦੇ ਚੰਗੀ ਤਰ੍ਹਾਂ ਦੰਦ ਖਟੇ ਕੀਤੇ। ਕਿਤੇ ਵੀ ਉਨ੍ਹਾਂ ਦੇ ਪੈਰ ਲਗਣ ਨਾ ਦਿਤੇ। ਜਿਥੋਂ ਤਕ ਹੋ ਸਕਿਆ, ਦੇਸ਼ ਦੀ ਲੁਟੀਂਦੀ ਦੌਲਤ ਅਤੇ ਇੱਜ਼ਤ ਨੂੰ ਬਚਾਇਆ।

ਇਸ ਵੇਲੇ ਸਿਖ ਕੌਮ ਦੇ ਸੂਰਬੀਰ ਜਰਨੈਲ ੧੨ ਮਿਸਲਾਂ ਵਿਚ ਵੰਡੇ ਹੋਏ ਸਨ ਅਤੇ ਦਿਨ ਬਦਿਨ ਉਨ੍ਹਾਂ ਦੀ ਵਧਦੀ ਸ਼ਕਤੀ ਅਗੇ ਮੁਗਲ ਰਾਜ ਦੀਆਂ ਥੰਮ੍ਹੀਆਂ ਰੇਤ ਦੀਆਂ ਕੰਧਾਂ ਵਾਂਗ ਢਹਿ-ਢੇਰੀ ਹੁੰਦੀਆਂ ਜਾ ਰਹੀਆਂ ਸਨ। ਸੂਰਬੀਰ ਜੋਧੇ ਰਣਜੀਤ ਸਿੰਘ ਦੀ ਭੀ ਇਹੋ ਇਛਾ ਸੀ ਕਿ ਪੰਜਾਬ ਵਿਚ ਖਾਲਸਾ ਰਾਜ ਕਾਇਮ ਕੀਤਾ ਜਾਏ। ਸੋ ਉਹ ੧੭੯੯ ਈ. ਦੇ ਸ਼ੁਰੂ ਵਿਚ ਗੁਜਰਾਂਵਾਲੇ ਤੋਂ ਬਟਾਲੇ ਆਇਆ ਅਤੇ ਰਾਣੀ ਸਦਾ ਕੌਰ ਨੂੰ ਕਿਹਾ, "ਮਾਤਾ ਜੀ ! ਮੇਰੀ ਲਾਹੌਰ ਤੇ ਕਬਜ਼ਾ ਕਰਨ ਦੀ ਇੱਛਾ ਹੈ, ਤਾਂ ਜੁ ਖਾਲਸਾ ਰਾਜ ਦੀ ਨੀਂਹ ਬੰਨ੍ਹ ਦਿਤੀ ਜਾਏ।" ਰਾਣੀ ਬੜੀ ਖੁਸ਼ ਹੋਈ ਤੇ ਕਹਿਣ ਲਗੀ, "ਕਾਕਾ, ਇਹ ਨੇਕ ਕੰਮ ਜਲਦੀ ਸੰਪੂਰਨ ਹੋਣਾ ਚਾਹੀਦਾ ਹੈ। ਮੈਂ ਆਪਣੀ ਪੂਰੀ ਸ਼ਕਤੀ ਤੇਰੀ ਮਦਦ ਲਈ ਲਾ ਦਿਆਂਗੀ।"

ਇਸ ਵਾਰਤਾਲਾਪ ਤੋਂ ਕੁਝ ਦਿਨਾਂ ਪਿਛੋਂ ਲਾਹੌਰ ਤੇ ਚੜ੍ਹਾਈ ਕਰ ਦਿਤੀ ਗਈ। ਚੜ੍ਹਾਈ ਕਰਨ ਤੋਂ ਪਹਿਲਾਂ, ਫੌਜ ਦੇ ਦੋ ਦਸਤੇ ਬਣਾਏ ਗਏ। ਇਕ ਦਸਤਾ ਰਣਜੀਤ ਸਿੰਘ ਦੀ ਸਪੁਰਦਗੀ ਵਿਚ ਲੁਹਾਰੀ ਦਰਵਾਜ਼ੇ ਵਲੋਂ ਵਧਿਆ। ਦੂਜਾ ਦਸਤਾ ਬਹਾਦਰ ਸਰਦਾਰਨੀ ਸਦਾ ਕੌਰ ਦੀ ਕਮਾਨ ਹੇਠਾਂ ਦਿਲੀ ਦਰਵਾਜ਼ੇ ਵਾਲੇ ਪਾਸਿਓਂ ਅਗੇਰਾਂਹ ਹੋਇਆ। ਜਿਥੇ ਰਣਜੀਤ ਸਿੰਘ ਨੇ ਆਪਣੀ ਸੂਰਬੀਰਤਾ ਨਾਲ ਫ਼ਤਹਯਾਬੀ ਹਾਸਲ ਕੀਤੀ, ਉਥੇ ਰਾਣੀ ਸਦਾ ਕੌਰ ਨੇ ਵੀ ਜੋ ਬਹਾਦਰੀ ਦੇ ਜੌਹਰ ਦਿਖਾਏ, ਉਹ ਬੇਮਿਸਾਲ ਸਨ। ਇਸ ਬਾਰੇ ਬਾਬਾ ਪ੍ਰੇਮ ਸਿੰਘ ਜੀ ਹੋਤੀ ਲਿਖਦੇ ਹਨ—

"ਇਸ ਸਮੇਂ ਸਰਦਾਰਨੀ ਸਦਾ ਕੌਰ ਨੇ ਆਪਣੇ ਹੱਥ ਵਿਚ ਬਿਜਲੀ ਵਾਂਗ ਲਿਸ਼ਕਾਰੇ ਮਾਰਦੀ ਤਲਵਾਰ ਲੈ ਕੇ ਆਪਣੀ ਸਾਰੀ ਫ਼ੌਜ ਦੇ ਅਗੇ ਹੋ ਕੇ, ਉਹ ਨਿਰਭੈਤਾ ਤੇ ਵਰਿਆਮਤਾ ਦਸੀ, ਜਿਸ ਨੇ ਸਾਰੀ ਫੌਜ ਵਿਚ ਗ਼ਜ਼ਬ ਦਾ ਜੋਸ਼ ਭਰ ਦਿੱਤਾ। ਹੁਣ ਅਜਿਹਾ ਕਿਹੜਾ ਕਾਇਰ ਸੀ, ਜਿਹੜਾ ਆਪਣੀ ਸਤਿਕਾਰ ਯੋਗ ਮਿਸਲਦਾਰਨੀ ਨੂੰ ਤਾਂ ਮੈਦਾਨ ਜੰਗ ਵਿਚ ਸਭ ਤੋਂ ਅਗੇ ਤਲਵਾਰ ਚਲਾਂਦਾ ਵੇਖਦਾ ਤੇ ਆਪ ਆਪਣੇ ਹੱਡ ਚੰਮ ਨੂੰ ਬਚਾਉਣ ਲਈ ਪਿਛੇ ਰਹਿੰਦਾ ? ਇਹ ਗੱਲ ਖਾਲਸਈ ਆਚਰਨ ਤੋਂ ਦੂਰ ਦੀ ਸੀ। ਇਸ ਸਮੇਂ ਆਪਣੀ ਆਗੂ ਸਰਦਾਰਨੀ ਦੀ ਸੂਰਬੀਰਤਾ ਨੂੰ ਦੇਖ ਕੇ ਮਿਸਲ ਦਾ ਹਰ ਇਕ ਜਵਾਨ ਸਿਰ ਤਲੀ ਪਰ ਧਰ ਕੇ ਇਕ ਦੂਜੇ ਨਾਲੋਂ ਅੱਗੇ ਵਧਦਾ ਸੀ। ਉਧਰੋਂ



www.AKJ.Org

ਟਾਕਰੇ ਦੀਆਂ ਫੌਜਾਂ ਨੇ ਵੀ ਬੜੀ ਬੀਰਤਾ ਨਾਲ ਧਾਵੇ ਨੂੰ ਰੋਕਣ ਦਾ ਕਰੜਾ ਯਤਨ ਕੀਤਾ, ਪਰ ਸ਼ੇਰਨੀ ਸਦਾ ਕੌਰ ਦੇ ਅਠੱਲ੍ਹ ਹੱਲੇ ਅਗੇ ਉਹ ਵਧੇਰਾ ਚਿਰ ਠਹਿਰ ਨ ਸਕੇ ਤੇ ਉਨ੍ਹਾਂ ਦੇ ਪੈਰ ਮੈਦਾਨ ਵਿਚੋਂ ਥਿੜਕ ਗਏ। ਮੈਦਾਨ ਸਰਦਾਰਨੀ ਸਦਾ ਕੌਰ ਦੇ ਹੱਥ ਰਿਹਾ।'' [ਖਾਲਸਾ ਰਾਜ ਦੇ ਉਸਾਰੀਏ' ੧, ਪੰਨਾ ੬੨]

ਲਾਹੌਰ ਦੇ ਪਹਿਲਾਂ ਤਿੰਨ ਹਾਕਮ, ਚੇਤ ਸਿੰਘ, ਜੋਹਰ ਸਿੰਘ ਅਤੇ ਸਾਹਿਬ ਸਿੰਘ ਸਨ, ਉਨ੍ਹਾਂ ਨੇ ਜਲਦੀ ਹੀ ਹਾਰ ਮੰਨ ਲਈ। ਪਰਜਾ ਉਨ੍ਹਾਂ ਪਾਸੋਂ ਬੜੀ ਦੁਖੀ ਸੀ ਅਤੇ ਉਨ੍ਹਾਂ ਤੋਂ ਛੁਟਕਾਰਾ ਪਾ ਕੇ ਉਸ ਨੇ ਵੀ ਸੁਖ ਦਾ ਸਾਹ ਲਿਆ। ਰਣਜੀਤ ਸਿੰਘ ਦੇ ਪਿਆਰ ਭਰੇ ਵਤੀਰੇ ਨਾਲ ਲੋਕੀਂ ਪ੍ਰਸੰਨ ਸਨ। ਰਣਜੀਤ ਸਿੰਘ ਨੇ ਖੁਲ੍ਹ ਦਿਲੀ ਤੋਂ ਕੰਮ ਲੈਂਦੇ ਹੋਏ ਉਨ੍ਹਾਂ ਤਿੰਨਾਂ ਹਾਕਮਾਂ ਦੇ ਗੁਜ਼ਾਰੇ ਲਈ ਜਾਗੀਰਾਂ ਲਗਾ ਦਿਤੀਆਂ।

ਸੰਨ ੧੮੦੧ ਈਸਵੀ ਨੂੰ ਰਾਣੀ ਸਦਾ ਕੌਰ ਦੀ ਸਲਾਹ ਨਾਲ ਲਾਹੌਰ ਵਿਚ ਇਕ ਸ਼ਾਹੀ ਦਰਬਾਰ ਕੀਤਾ ਗਿਆ, ਜਿਸ ਵਿਚ ਰਣਜੀਤ ਸਿੰਘ ਨੂੰ ਬਾਬਾ ਸਾਹਿਬ ਸਿੰਘ ਬੇਦੀ ਵਲੋਂ ਮਹਾਰਾਜਗੀ ਦਾ ਤਿਲਕ ਦਿੱਤਾ ਗਿਆ।

ਸੰਨ ੧੮੦੨ ਈ: ਵਿਚ ਅੰਮ੍ਰਿਤਸਰ ਨੂੰ ਖਾਲਸਾ ਰਾਜ ਨਾਲ ਮਿਲਾਉਣ ਵਿਚ ਵੀ ਰਾਣੀ ਸਦਾ ਕੌਰ ਦੀ ਸਿਆਣਪ ਕੰਮ ਕਰਦੀ ਸੀ।

ਹਜ਼ਾਰੇ ਦਾ ਇਲਾਕਾ ਸ਼ੁਰੂ ਤੋਂ ਆਕੀ ਰਿਹਾ ਹੈ। ਇਥੋਂ ਦੇ ਲੋਕਾਂ ਨੇ ਕਦੇ ਕਿਸੇ ਦੀ ਅਧੀਨਗੀ ਸਵੀਕਾਰ ਨਹੀਂ ਸੀ ਕੀਤੀ। ਆਖ਼ਰ ਰਾਵਲਪਿੰਡੀ ਦੇ ਪ੍ਰਬੰਧਕ, ਮਖਣ ਸਿੰਘ ਨੇ ਇਥੋਂ ਦੇ ਲੋਕਾਂ ਨੂੰ ਨਿਵਾਇਆ ਅਤੇ ਪੂਰਾ 'ਕਰ' ਵਸੂਲ ਕੀਤਾ। ਇਕ ਸਾਲ ਤਾਂ ਅਮਨ ਨਾਲ ਲੰਘਿਆ, ਅਗਲੇ ਸਾਲ ਜਦੋਂ ਸ: ਮਖਣ ਸਿੰਘ, ਉਧਰ ਦੌਰੇ ਗਿਆ ਤਾਂ ਉਥੋਂ ਦੇ ਲੋਕਾਂ ਨੇ ਇਕ ਰਾਤ ਛਪੋਲ ਮਾਰ ਕੇ ਉਸ ਨੂੰ ਕਤਲ ਕਰ ਦਿੱਤਾ। ਸ: ਮਖਣ ਸਿੰਘ ਦਾ ਬਦਲਾ ਸ: ਹੁਕਮ ਸਿੰਘ ਚਿਮਨੀ ਨੇ ਲਿਆ, ਜੋ ਅਟਕ ਦਾ ਕਿਲ੍ਹੇਦਾਰ ਸੀ। ਉਸ ਨੇ ਉਥੋਂ ਦੇ ਸੈਂਕੜੇ ਬੰਦਿਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਫਿਰ ਉਸ ਨੇ ਲਾਹੌਰ ਮਹਾਰਾਜਾ ਰਣਜੀਤ ਸਿੰਘ ਨੂੰ ਲਿਖਿਆ ਕਿ ਹਜ਼ਾਰੇ ਦੇ ਇਲਾਕੇ ਦੀ ਸ਼ੋਰਸ਼ ਨੂੰ ਦਬਾਉਣ ਵਾਸਤੇ ਇਕ ਤਕੜੀ ਮੁਹਿੰਮ ਭੇਜੀ ਜਾਏ। ਮਹਾਰਾਜਾ ਰਣਜੀਤ ਸਿੰਘ ਨੇ ੬੦੦੦ ਜਵਾਨਾਂ ਦੀ ਫੌਜ, ਰਾਣੀ ਸਦਾ ਕੌਰ ਦੀ ਸੌਂਪਣੀ ਵਿਚ ਰਵਾਨਾ ਕੀਤੀ। ਇਥੇ ਪਹੁੰਚ ਕੇ ਰਾਣੀ ਸਦਾ ਕੌਰ ਨੇ ਉਹ ਜੰਗ ਲੜੀ ਕਿ ਜੋ ਵੀ ਅਭਾਗਾ ਸਾਹਮਣੇ ਆ ਗਿਆ, ਗਾਜਰ ਮੂਲੀ ਦੀ ਤਰ੍ਹਾਂ ਕਟਿਆ ਵਢਿਆ ਗਿਆ। ਧਰਤੀ ਖ਼ੂਨ ਨਾਲ ਰੰਗੀ ਗਈ। ਇਲਾਕੇ ਦੇ ਲੜਾਕੇ ਲੋਕਾਂ ਨੂੰ ਹੋਸ਼ ਆ ਗਈ ਕਿ ਅਸਾਂ ਖਾਲਸਾ ਰਾਜ ਨਾਲ ਟੱਕਰ ਲੈ ਕੇ ਭਾਰੀ ਭੁਲ ਕੀਤੀ ਹੈ, ਜਿਸ ਕਰਕੇ ਸਾਡਾ ਜਾਨੀ ਨੁਕਸਾਨ ਵੀ ਹਜ਼ਾਰਾਂ ਦੀ ਗਿਣਤੀ ਵਿਚ ਹੋਇਆ ਹੈ। ਸਭਨਾਂ ਨੇ ਰਾਣੀ ਸਦਾ ਕੌਰ ਕੋਲੋਂ ਮਾਫ਼ੀ ਮੰਗੀ ਅਤੇ ਅਗੇ ਤੋਂ ਖਾਲਸਾ ਰਾਜ ਦੇ ਵਫ਼ਾਦਾਰ ਰਹਿਣ ਦਾ ਪ੍ਰਣ ਕੀਤਾ।

ਇਸ ਤਰ੍ਹਾਂ ਰਾਣੀ ਸਦਾ ਕੌਰ ਪੂਰਨ ਸ਼ਾਂਤੀ ਸਥਾਪਿਤ ਕਰਕੇ ਵਾਪਸ ਲਾਹੌਰ ਮੁੜੀ। ਇਹ ਘਟਨਾ ਸੰਨ ੧੮੧੯ ਈਸਵੀ ਦੀ ਹੈ।

ਰਾਣੀ ਸਦਾ ਕੌਰ ਦਾ ਸਾਰਾ ਜੀਵਨ ਜੰਗਾਂ ਯੁੱਧਾਂ ਵਿਚ ਗੁਜ਼ਰਿਆ ਸੀ। ਉਸ ਨੇ ਦੇਸ਼ ਅਤੇ ਕੌਮ ਲਈ ਜੋ ਘਾਲਾਂ ਘਾਲੀਆਂ ਉਹ ਸੁਨਹਿਰੀ ਅੱਖਰਾਂ ਵਿਚ ਲਿਖੀਆਂ ਜਾਣ ਵਾਲੀਆਂ ਹਨ। ਅੰਤ ਵਿਚ ਉਸ ਬਾਰੇ ਬਾਬਾ ਪ੍ਰੇਮ ਸਿੰਘ ਜੀ ਹੋਤੀ ਲਿਖਦੇ ਹਨ—

''ਬਹਾਦਰ ਸਰਦਾਰਨੀ ਸਦਾ ਕੌਰ ਖਾਲਸ਼ਾ ਕੌਮ ਦੇ ਸੂਰਮਿਆਂ ਦੀ ਪ੍ਰਫੁਲਤ ਫੁਲਵਾੜੀ ਵਿਚੋਂ ਇਕ ਉਹ ਮਾਨਯੋਗ ਹਸਤੀ ਹੈ, ਜਿਸ ਪਰ ਸਾਰਾ ਪੰਜਾਬ ਆਮ ਕਰਕੇ ਅਤੇ ਖਾਲਸਾ ਪੰਥ ਖਾਸ ਕਰ ਕੇ ਜਿੰਨਾ ਮਾਣ ਕਰੇ, ਸੋਭਦਾ ਹੈ।'' [ਖਾਲਸਾ ਰਾਜ ਦੇ ਉਸਰਈਏ ਨੰ: ੧, ਪੰਨਾ ੪੭]

ਰਾਣੀ ਸਦਾ ਕੌਰ ਦਾ ਦੇਹਾਂਤ ਸੰਨ ੧੮੩੨ ਈ: ਵਿਚ ਅੰਮ੍ਰਿਤਸਰ ਵਿਖੇ ਹੋਇਆ। ਉਸ ਸਮੇਂ ਆਪ ਦੀ ਆਯੂ ੭੦ ਸਾਲ ਸੀ।



www.AKJ.Org

# ਗੁਰੂ ਗੋਬਿੰਦ ਸਿੰਘ ਜੀ ਦੇ ਤੀਰ

[ਪ੍ਰੋਫੈਸਰ ਪਿਆਰਾ ਸਿੰਘ ਜੀ ਪਦਮ]

ਭਾਈ ਹਰਨਾਮ ਸਿੰਘ ਜੀ ਉਪਦੇਸ਼ਕ ਨਿਵਾਸੀ ਬਟਾਲਾ ਜ਼ਿਲਾ ਗੁਰਦਾਸਪੁਰ–ਵੀਹਵੀਂ ਸਦੀ ਦਾ ਇਕ ਪ੍ਰਸਿਧ ਪ੍ਰਚਾਰਕ ਹੋਇਆ ਹੈ, ਜੋ ਜਿਥੇ ਧੜੱਲੇਦਾਰ ਲੈਕਚਰਾਰ ਸੀ ਉਥੇ ਪੰਜਾਬੀ ਤੇ ਹਿੰਦੀ ਦਾ ਚੰਗਾ ਕਵੀ ਵੀ ਸੀ। ਉਹ ਵਾਦ ਵਿਵਾਦ ਦਾ ਸਮਾਂ ਸੀ, ਜਿਸ ਵਿਚ ਆਮ ਬਹਿਸ-ਮੁਬਾਹਸੇ ਹੁੰਦੇ ਰਹਿੰਦੇ ਸਨ ਤੇ ਹਰ ਕੋਈ ਆਪਣੇ ਧਰਮ ਦੀ ਉਤਮਤਾ ਦਰਸਾਉਣ ਦਾ ਜਤਨ ਕਰਦਾ ਸੀ। ਇਸ ਸਮੇਂ ਸਨਾਤਨੀ, ਆਰੀਆ ਸਮਾਜੀ, ਈਸਾਈ ਪਾਦਰੀ ਤੇ ਮਿਰਜ਼ਈ ਪ੍ਰਚਾਰਕ ਮੈਦਾਨ ਵਿਚ ਸਨ ਤੇ ਸਿੰਘ ਸਭਾਈ ਵਕਤਿਆਂ ਨੂੰ ਇਨ੍ਹਾਂ ਸਭ ਨੂੰ ਯਥਾਯੋਗ ਉਤਰ ਦੇਣਾ ਪੈਂਦਾ ਸੀ। ਇਸ ਸਾਰੇ ਪਰਚਾਰ-ਕਾਫ਼ਲੇ ਵਿਚ ਆਰੀਆ ਸਮਾਜੀ ਮਹਾਸ਼ੇ ਕੁਝ ਵਧੇਰੇ ਤੇਜ਼ ਤਰਾਰ ਸਨ ਤੇ ਕਈ ਵਾਰ ਇਹ ਸਭਿਆਚਾਰ ਤੇ ਵਿਚਾਰ ਦਾ ਪੱਲਾ ਵੀ ਛੱਡ ਦਿੰਦੇ ਸਨ, ਇਸ ਗੱਲ ਨੂੰ ਸਿਆਣੇ ਸਿੱਖ ਮਿਸ਼ਨਰੀ ਕੁਝ ਵਧੇਰੇ ਮਹਿਸੂਸ ਇਸ ਲਈ ਕਰਦੇ ਸਨ ਕਿ ਗੁਰੂ ਸਾਹਿਬ ਨੇ ਹਿੰਦੂ ਧਰਮ ਤੇ ਸੰਸਕ੍ਰਿਤੀ ਦੀ ਰਖਿਆ ਲਈ ਕੀ ਕੀ ਕੁਝ ਕੀਤਾ ਹੈ ਤੇ ਇਹ ਲੋਕ ਕਿਵੇਂ ਅਕ੍ਰਿਤਘਣ ਹੋ ਕੇ ਇਹ ਸਾਰੇ ਉਪਕਾਰ ਵਿਸਾਰ ਬੈਠੇ ਸਨ। ਇਸ ਦਾ ਭਾਵ ਇਹ ਨਹੀਂ ਕਿ ਤਮਾਮ ਹਿੰਦੂ ਇਸੇ ਰਸਤੇ ਦੇ ਪਾਂਧੀ ਸਨ, ਬਲਕਿ ਅਜਿਹੇ ਭਲੇ ਪੁਰਸ਼ ਵੀ ਸਨ ਜੋ ਲਾਲਾ ਦੌਲਤ ਰਾਇ ਤੇ ਭਾਈ ਪਰਮਾਨੰਦ ਵਾਂਗ ਗੁਰੂ ਦੇ ਉਪਕਾਰਾਂ ਦਾ ਸ਼ੁਕਰਾਨਾ ਕਰਦੇ ਨਹੀਂ ਸੀ ਥੱਕਦੇ ਤੇ ਆਪਣੇ ਹਿੰਦੂ ਵੀਰਾਂ ਨੂੰ ਪ੍ਰੇਰਨਾ ਵੀ ਕਰਦੇ ਸਨ ਕਿ ਉਹ ਸਤਿਗੁਰਾਂ ਅਤੇ ਸਿੱਖ ਪੰਥ ਦੇ ਕ੍ਰਿਤੱਗ ਬਣ ਕੇ ਰਹਿਣ। ਪਰ ਕੌਣ ਕਿਸੇ ਦੀ ਮੰਨਦਾ ਸੀ, ਹਰ ਕੋਈ ਤੀਸਮਾਰ ਖ਼ਾਂ ਬਣਿਆ ਫਿਰਦਾ ਸੀ।

ਅਜਿਹੇ ਵਾਤਾਵਰਨ ਵਿਚ ਭਾਈ ਹਰਨਾਮ ਸਿੰਘ ਜੀ ਨੇ ੧੦-੧੨ ਕਬਿੱਤ ਲਿਖੇ ਸਨ,ਜੋ ਕਿ ਪੁਰਾਣੀ ਪੀੜ੍ਹੀ ਦੀ ਜ਼ਬਾਨ ਤੇ ਸਨ। ਉਨ੍ਹਾਂ ਵਿਚ ਬਾਰ ਬਾਰ ਇਹ ਦ੍ਰਿੜ੍ਹ ਕਰਾਇਆ ਗਿਆ ਹੈ ਕਿ ਗੁਰੂ ਕਲਗੀਧਰ ਦੇ ਉਪਕਾਰਾਂ ਪ੍ਰਤੀ ਹਰ ਹਿੰਦੁਸਤਾਨੀ ਨੂੰ ਕ੍ਰਿਤੱਗ ਹੋਣ ਦੀ ਲੋੜ ਹੈ। ਜੇਕਰ ਸਤਿਗੁਰੂ ਆਪਣੇ ਬੀਰਤਾ ਭਰੇ ਜੌਹਰ ਨ ਦਿਖਾਉਂਦੇ ਤੇ ਆਪਣਾ ਪਰਿਵਾਰ ਤੇ ਪਿਆਰੇ ਸਿੱਖਾਂ ਦੀਆਂ ਜਾਨਾਂ ਨ ਘੋਲ ਘੁਮਾਉਂਦੇ ਤਾਂ ਇਸ ਹਿੰਦੂ ਸੰਸਕ੍ਰਿਤੀ ਦਾ ਮੂਲ ਮੁੱਦਾ ਰਹਿਣਾ ਮੁਸ਼ਕਲ ਸੀ। ਕ੍ਰਿਤੱਗਤਾ ਭਰੀ ਇਹ ਕਵਿਤਾ ਅੱਜ ਫਿਰ ਦੁਹਰਾਉਣ ਦੀ ਲੋੜ ਪੈ ਗਈ ਹੈ, ਜੋ ਕਿ ਅੱਗੇ ਦਿੱਤੀ ਜਾ ਰਹੀ ਹੈ:

ਦਸਵੇਂ ਪਾਤਸ਼ਾਹ ਦੀ ਸੱਚੀ ਮੁਹੱਬਤ–

ਕਬਿੱਤ

ਦੇਵੀ ਦੇਵ ਦੇਵਲ ਕੇ ਨਾਮ ਨ ਨਿਸ਼ਾਨ ਰਹਿਤੇ,
ਰੂਪ ਮਿਟ ਜਾਤੇ ਸਬ ਬੇਦਨ ਪੁਰਾਨ ਕੇ।
ਸੰਤ ਸਾਧੂ ਦੇਖਨੇ ਮੇਂ ਆਵਤ ਨ ਕੋਈ ਏਕ,
ਤੀਰਥੋਂ ਕੇ ਥਾਨ ਸਭ ਹੋਤੇ ਤੁਰਕਾਨ ਕੇ।
ਯੱਗ ਹੋਮ ਹੋਵਨਾ ਹਿੰਦ ਮੇਂ ਨ ਮੂਲ ਪਾਤਾ,
ਝੂਲਤੇ ਨਿਸ਼ਾਨ ਨਹੀਂ ਆਜ ਹਿੰਦੁਵਾਨ ਕੇ।
ਕਹਿਤ ਹਰਿਨਾਮ ਸਿੰਘ ਇਸ ਮੇਂ ਨ ਝੂਠ ਜਾਨੋ,
ਜੋ ਨ ਤੀਰ ਛੂਟਤੇ ਗੋਬਿੰਦ ਸਿੰਘ ਜਵਾਨ ਕੇ।੧।

ਦੀਨ ਇਸਲਾਮ ਕੀ ਧੁਜਾ ਜੋ ਫਿਰੀ ਹਿੰਦ ਮਾਹਿ,
ਜਗ੍ਹਾ ਜਗ੍ਹਾ ਮਾਰਤੇ ਥੇ ਬੀਰ ਛਾਨ ਛਾਨ ਕੇ।
ਮੰਦਰ ਗਿਰਾਇ ਕੇ ਮਸੀਤ ਕੋ ਬਨਾਇ ਦੀਨੋਂ,
ਪੁਨ: ਅਜ਼ਾਨ[1] ਕੀਨੋ ਇਨਹੀ ਕੋ ਆਨ ਕੇ।
ਹਿੰਦੂਓਂ ਕੇ ਬੱਚਿਓਂ ਕੋ ਕੋਹ ਕੋਹ ਮਾਰਤੇ ਥੇ,
ਔਰਤੇਂ ਲੇ ਗਏ ਸਭ ਸੁੰਦਰ ਪਛਾਨ ਕੇ।
ਐਸੇ ਸ਼ੇਰੋਂ ਪਾਸ ਥੀਂ ਨ ਛੂਟਤੀ ਨ ਕੋਈ ਜਾਨ,
ਜੋ ਨ ਤੀਰ ਛੂਟਤੇ ਗੋਬਿੰਦ ਸਿੰਘ ਜਵਾਨ ਕੇ।੨।

ਲਾਖੋਂ ਬ੍ਰਹਿਮਚਾਰੀ ਘਰ ਬਾਰੀ ਇਸਲਾਮ ਹੂਏ,
ਲਾਖੋਂ ਸੰਨਯਾਸੀ ਬਨਬਾਸੀ ਹੂਏ ਆਨ ਕੇ।
ਕਾਂਸ਼ੀ ਕਸ਼ਮੀਰ ਕੇ ਬ੍ਰਾਹਮਣ ਅਖੀਰ[2] ਹੂਏ,
ਛਤਰੀ ਕੇ ਪੂਤ ਹੂਏ ਸਬੀ ਸੀਆ ਭਾਨ ਕੇ।

1. ਬਾਂਗ। 2. ਬੰਦੀ, ਕੈਦੀ।



www.AKJ.Org

ਵੈਸ਼ ਔਰ ਸ਼ੂਦਰੋਂ ਕੀ ਬਾਤ ਕੋਊ ਪੂਛੇ ਨਹੀ,
ਬੜੇ ਬੜੇ ਯੋਗ ਧਾਰੀ ਹੂਏ ਯੋਗ ਧਯਾਨ ਕੇ।
ਇਤਨੇ ਭੀ ਹਿੰਦੂ ਕਬੀ ਰਹਤੇ ਨਾਹਿ ਹਿੰਦ ਬੀਚ,
ਜੋ ਨ ਤੀਰ ਛੂਟਤੇ ਗੋਬਿੰਦ ਸਿੰਘ ਜਵਾਨ ਕੇ।੩।
ਆਜ ਜੋ ਲੌਂ ਦੇਖਤ ਹੈਂ ਹਿੰਦ ਮੇਂ ਮੁਸਲਮਾਨ,
ਇਨ ਮੇਂ ਬਤਾਓ ਕੌਨ ਅਰਬਸਤਾਨ ਕੇ।
ਖਤ੍ਰੀ ਬ੍ਰਾਹਮਣ ਵਾ ਬਾਣੀਓਂ ਕੇ ਪੂਤ ਬਹੁਤੇ,
ਜੱਟ ਜ਼ਿਮੀਦਾਰ ਹੈਂ ਯਾ ਕੌਮ ਤਰਖਾਨ ਕੇ।
ਮੱਕੇ ਔ ਮਦੀਨੇ ਕੇ ਨ ਯਹ ਵਸਨੀਕ ਹੂਏ,
ਹਾਫਜ਼ੀ ਦੁਰਾਨੀ ਔਰ ਰਹੇ ਨ ਈਰਾਨ ਕੇ।
ਇਸੀ ਤਰਹ ਹਿੰਦ ਸਬ ਹੋਵਤੀ ਮੁਸਲਮਾਨ,
ਜੋ ਨ ਤੀਰ ਛੂਟਤੇ ਗੋਬਿੰਦ ਸਿੰਘ ਜਵਾਨ ਕੇ।੪।
ਮੱਕੇ ਵ ਮਦੀਨੇ ਕੀ ਜ਼ਯਾਰਤ[1] ਕੋ ਜਾਤੇ ਸਬ,
ਬਾਚਤੇ ਕੁਰਾਨ ਬੈਠ ਪੰਡਤ ਪੁਰਾਨ ਕੇ।
ਈਦ ਬਕਰੀਦ ਦਿਨ ਗਊਅਨ ਕੇ ਸੀਸ ਕਾਟਿ,
ਨਾਮ ਪੈ ਚੜ੍ਹਾਤੇ ਜਿਹ ਰਸੂਲ ਰਹਿਮਾਨ[2] ਕੇ।
ਏਕ ਭੀ ਕੋ ਹਿੰਦੂ ਯਹਾਂ ਦੇਖਨੇ ਮੇਂ ਆਵਤਾ ਨ,
ਗਾਵਤਾ ਨ ਗੀਤ ਕੋਈ ਵੇਦ ਪਰਮਾਨ ਕੇ।
ਆਜ ਇਨ ਹਿੰਦੂਓਂ ਕਾ ਨਾਮ ਨ ਨਿਸ਼ਾਨ ਰਹਿਤਾ,
ਛੂਟਤੇ ਨ ਤੀਰ ਜੋ ਗੋਬਿੰਦ ਸਿੰਘ ਜਵਾਨ ਕੇ।੫।
ਵੇਦ ਕੇ ਪਢੈਆ ਔਰ ਖਟ ਕੇ ਖਟੈਯਾ[3] ਸਬ,
ਆਜ ਯਿਹ ਹੋਤੇ ਸਬ ਹਾਫਜ਼[4] ਕੁਰਾਨ ਕੇ।
ਗੀਤਾ ਕੇ ਗਯਾਨੀ ਸਬ ਪੰਡਤ ਪੁਰਾਨੀ ਸਬ,
ਬੜੇ ਬੜੇ ਪਾਠੀ ਸਬ ਪੂਜਕ ਪਖਾਨ[5] ਕੇ।
ਸਿਖਾ, ਸੂਤ[6] ਸੰਧਿਆ ਜਹਾਨ ਸੇ ਯੇ ਦੂਰ ਹੋਤੀ,
ਨਾਮ ਕੋਈ ਲੇਤ ਨਹੀਂ ਸੁਪਨੇ ਮੈਂ ਆਨ ਕੇ।
ਸਾਚ ਕਹੂੰ ਆਪ ਕਉ ਇਸ ਮੇਂ ਨ ਕੋਇ ਝੂਠ,
ਜੋ ਨ ਤੀਰ ਛੂਟਤੇ ਗੋਬਿੰਦ ਸਿੰਘ ਜਵਾਨ ਕੇ।੬।
ਕਹਾਂ ਦੇਵੀ ਦੇਵਤੇ ਥੇ ਆਜ ਜੋ ਮੁਰਾਦ ਦੇਵਹਿ,
ਜ਼ਬੀ ਬਾਣ ਛੂਟੇ ਜਹਾਂ ਮੁਗ਼ਲ ਪਠਾਣ ਕੇ।
ਹਾਥ ਜੋੜ ਜੋੜ ਸਬੀ ਦੀਨ ਕੋ ਕਬੂਲ ਕਰਹਿਂ,
ਬੜੇ ਬੜੇ ਵੇਦ ਪਾਠੀ ਕਾਸ਼ੀ ਅਸਥਾਨ ਕੇ।
ਕਿਸੀ ਨੇ ਸਹਾਯਤਾ ਨ ਕਰੀ ਆਨ ਹਿੰਦੂਓਂ ਕੀ,
ਸਭੀ ਭਾਗ ਗਏ ਦੇਵ ਰੋਜ਼ੁ ਭੋਗ ਖਾਨ ਕੇ।
ਕਿਸੀ ਕੀ ਮਜਾਲ ਥੀਂ ਉਠਾਇ ਸਕੇ ਬੀੜਾ ਆਨ,
ਜੋ ਨ ਤੀਰ ਛੂਟਤੇ ਗੋਬਿੰਦ ਸਿੰਘ ਜਵਾਨ ਕੇ।੭।
ਕਾਲੀ ਕਲਕੱਤੇ ਵਾਲੀ ਭੌਨ ਕਰ ਗਈ ਖਾਲੀ,
ਜਾਇਕੇ ਬਿਰਾਜੀ ਕਹੀਂ ਚਾਦਰਾਂ ਕੂੰ ਤਾਣ ਕੇ।
ਹਾਇ ਅਫਸੋਸ ਤਬ ਆਣ ਕੈ ਨ ਸਾਰ ਲੀਨੀ,
ਜਬੀ ਸੀਸ ਕਾਟਤੇ ਥੇ ਕੁਲ ਹਿੰਦੁਵਾਨ ਕੇ।
ਕਿਸੀ ਨੇ ਪ੍ਰਚੰਡ ਹੋ ਕੇ ਦੇਸ ਕਾ ਨ ਕੀਆ ਭਲਾ,
ਆਜ ਸਬੀ ਜਾਗ ਉਠੇ ਦੇਵਤਾ ਜਹਾਨ ਕੇ।
ਕੁਲ ਦੇਵੀ ਦੇਵਤੇ ਜਹਾਨ ਸੇ ਯਹ ਦੂਰ ਹੋਤੇ,
ਜੋ ਨ ਤੀਰ ਛੂਟਤੇ ਗੋਬਿੰਦ ਸਿੰਘ ਜਵਾਨ ਕੇ।੮।
ਅਜ ਜੋ ਲੋ ਆਰਯਾ ਸਨਾਤਨੀ ਉਪਦੇਸ਼ ਦੇ ਹੈਂ·
ਸ਼ਹਿਰ ਸ਼ਹਿਰ ਪਿੰਡ ਪਿੰਡ ਜਾਇ ਬ੍ਰਹਮ ਗਯਾਨ ਕੇ
ਕਿਸ ਕੀ ਮਜਾਲ ਥੀ ਜੁ ਮੁਖਹੁੰ ਉਫ਼ ਕਰ ਸਕੇ
ਟੁਕੜੇ ਹੀ ਕਾਟ ਦੇਣ ਉਸ ਕੀ ਜ਼ਬਾਨ ਕੇ।
ਵੇਦ ਵ ਪੁਰਾਨ ਕਾ ਨ ਜਾਨਤਾ ਥਾ ਨਾਮ ਕੋਈ
ਕਹਾਂ ਪੈ ਬਿਰਾਜਤੇ ਹੈਂ ਈਸ਼ੁਰੀ ਧਯਾਨ ਕੇ।
ਸਾਚ ਕਹੂੰ ਆਪ ਕੋ ਨ ਵੇਦ ਕਾ ਕੋ ਨਾਮ ਲੇਤਾ,
ਜੋ ਨ ਤੀਰ ਛੂਟਤੇ ਗੋਬਿੰਦ ਸਿੰਘ ਜਵਾਨ ਕੇ।੯।
ਕੌਮ ਕੀ ਪ੍ਰੀਤਿ ਭਾਈਓ ਇਸਹੀ ਕੋ ਭਾਖਤੇ ਹੈਂ,
ਪਿਤਾ ਪੂਤ ਵਾਰ ਦੀਨੇ ਲਾਡਲੇ ਪ੍ਰਾਨ ਕੇ।
ਘਰ ਬਾਰ ਹਿੰਦੂਓਂ ਪੈ ਸਬੀ ਕੁਰਬਾਨ ਕੀਨਾ,
ਆਪ ਨੇ ਪ੍ਰਾਨ ਦੀਨੇ ਗੁਰੂ ਜੀ ਨੇ ਜਾਨ ਕੇ।
ਕੈਸੇ ਕੌਮ ਹਿੰਦੂਓਂ ਕੀ ਰਹੈ ਯੇ ਜਹਾਨ ਬੀਚ,
ਆਪਨੇ ਦਿਖਾਇ ਹਾਥ ਕਾਢ ਕ੍ਰਿਪਾਨ ਕੇ।
ਕਿਸੀ ਨੇ ਨ ਜਗ ਬੀਚ ਹਿੰਦੂ ਕਾ ਥਾ ਨਾਮ ਲੇਨਾ,
ਜੋ ਨ ਤੀਰ ਛੂਟਤੇ ਗੋਬਿੰਦ ਸਿੰਘ ਜਵਾਨ ਕੇ।੧੦।
ਹਿੰਦੂਓਂ ਕੀ ਕੌਮ ਪਰ ਕੈਸੇ ਇਤਬਾਰ ਆਵਹਿ,
ਯੇ ਨ ਮਸ਼ਕੂਰ ਹੋਤੇ ਕਿਸੀ ਕੇ ਅਹਿਸਾਨ ਕੇ।
ਜੋ ਜੋ ਜਾਨ ਅਪਨੀ ਕੋ ਇਨ ਪਰ ਵਾਰ ਦੇਵਹਿ,
ਜਾਨਤੇ ਨਹੀਂ ਉਸ ਕੋ ਯਹ ਭਰੇ ਹੈਂ ਗੁਮਾਨ ਕੇ।
ਸਗਵਾਂ ਉਸ ਜਾਤਿ ਕੇ ਨਿਕਾਲਤੇ ਹੈਂ ਲਾਖ ਐਬ,
ਪਏ ਗੋਲੇ ਮਾਰਤੇ ਹੈਂ ਝੂਠ ਵ ਤੂਫਾਨ ਕੇ।

1-ਹੱਜ, ਯਾਤਰਾ। 2-ਹਜ਼ਰਤ ਮੁਹੰਮਦ ਸਾਹਿਬ ਦੇ ਨਾਮ। 3-ਖਟ ਸ਼ਾਸਤਰ ਦੇ ਗਿਆਤਾ। 4-ਪਾਠੀ। 5-ਪੱਥਰ-ਪੁਜਾਰੀ, ਬੁਤ-ਪ੍ਰਸਤ। 6-ਬੋਦੀ, ਜਨੇਊ।


www.AKJ.Org

ਵਿਅੰਗੀ ਕੌਤਕ ਦੁਆਰਾ—

# ਖ਼ਾਲਸੇ ਦੀ ਪ੍ਰੀਖਿਆ

[ਗਿ: ਗੋਪਾਲ ਸਿੰਘ ਜੀ 'ਮਿੱਤਰ' ੩੪੦/੪, ਰਾਮਨਗਰ, ਗੁੜਗਾਉਂ]

ਇਕ ਦਿਨ ਗੁਰ ਦਸਮੇਸ਼ ਨੇ ਕੌਤਕ ਵਰਤਾਇਆ।
ਸੇਵਕ ਘਲ ਕੇ ਨਗਰ ਚੋਂ ਡਾਕੌਤ ਬੁਲਾਇਆ।
ਦਿਨ ਸੀ 'ਸ਼ਨੀਵਾਰ' ਦਾ ਪੰਡਤ ਹਰਖਾਇਆ।
ਦਾਨ ਮਿਲੇਗਾ ਗੁਰ-ਦਰੋਂ ਅਜ ਦੂਣ ਸਵਾਇਆ।
ਪੁਜਿਆ ਜਾ ਦਰਬਾਰ ਵਿਚ ਤੇ ਸੀਸ ਨਿਵਾਇਆ।
ਆਦਰ ਦੇ ਕੇ ਸਤਿਗੁਰਾਂ ਉਸ ਨੂੰ ਬੈਠਾਇਆ।
ਦੱਸੋ ਮਿਸਰ ਜੀ! ਸ਼ਨੀਵਾਰ ਕੀ ਅਰਪਨ ਕਰੀਏ?
ਆਗੂ ਤੁਸੀਂ ਸਮਾਜ ਦੇ ਕੀ ਅੱਗੇ ਧਰੀਏ?
ਪੰਡਤ ਨੇ ਸੁਣ ਬਚਨ ਇਹ ਇਉਂ ਗਿਰਾ ਉਚਾਰੀ:
ਮਾਂਹ ਤੇਲ ਤੇ ਲੋਹਾ ਦਾਨ ਦੀ ਅਜ ਹੈ ਵਾਰੀ।
ਖ਼ੁਸ਼ ਹੋਵੇਗਾ ਸ਼ਨੀਦੇਵ ਮਨ ਵਿਚ ਬਹੁ ਭਾਰੀ।
ਸਾੜ-ਸਤੀ ਤੋਂ ਬਚਣਗੇ ਸਾਰੇ ਦਰਬਾਰੀ।
ਦੂਰ ਹੋਣਗੇ ਵਿਘਨ ਸਭ ਸੁਖ ਵਰਤੇ ਸਾਰੀ।
ਜਸ ਹੋਵੇਗਾ ਆਪ ਦਾ, ਹੇ ਪੂਰ ਭੰਡਾਰੀ।
ਸੁਣ ਮੁਸਕਾਏ ਸਤਿਗੁਰੂ ਸੇਵਕ ਦੌੜਾਇਆ।
ਸ਼ਸਤ੍ਰਾਂ ਦਾ ਜੰਗਾਲਿਆ ਲੋਹਾ ਉਠਵਾਇਆ।
ਲੰਗਰ ਵਿਚੋਂ ਮਾਂਹ ਤੇਲ ਕੁਝ ਕੁੱਝ ਮੰਗਵਾ ਕੇ।
ਤਿੰਨੇ ਹੀ ਡਾਕੌਤ ਦੀ ਝੋਲੀ ਵਿਚ ਪਾ ਕੇ।
ਆਗਿਆ ਦਿੱਤੀ ਜਾਉ ਹੁਣ ਇਹ ਬੰਨ੍ਹ ਬੰਨ੍ਹਾ ਕੇ।
ਬਾਹਮਣ ਤੁਰਿਆ ਖ਼ੁਸ਼ੀ ਹੋ ਸਿਰ ਪੋਟ ਉਠਾ ਕੇ।
ਬੂਹਿਓਂ ਬਾਹਰ ਨਿਕਲਿਆ ਸੀ ਕਦਮ ਵਧਾ ਕੇ।
ਖੜੇ ਹੋਏ ਸਨ ਸਿੰਘ ਵੀ ਕੁਝ ਅਗੋਂ ਆ ਕੇ।
ਪੰਡਤ ਜੀ ਦੇ ਸੀਸ ਤੋਂ ਉਨ੍ਹਾਂ ਪੰਡ ਲੁਹਾਈ।
ਕਿਹਾ, ਅਸਾਨੂੰ ਫਿਕਰ ਨਹੀਂ ਵਿਘਨਾਂ ਦੀ ਕਾਈ।
ਮਾਂਹ ਤੇਲ ਸਭ ਖੋਹ ਲਿਆ ਇਉਂ ਖਹਿੜੇ ਪੈ ਕੇ।
ਖ਼ਾਲੀ ਹੱਥੀਂ ਟੋਰਿਆ ਲੋਹਾ ਵੀ ਲੈ ਕੇ।
ਪੀਸ ਲਿਆ ਮਾਂਹ ਮਿੱਤਰ ਜੀ ਲੰਗਰ ਵਿਚ ਬਹਿ ਕੇ।
ਤੇਲ-ਪਕੌੜੇ ਕਢ ਲਏ ਖ਼ੁਸ਼ ਹੋਏ ਵਰਤੈ ਕੇ।
ਹਸੀਆਂ ਸਾਰੀਆਂ ਸੰਗਤਾਂ ਓਦੋਂ ਖੈ ਖੈ ਕੇ।
ਖਿੱਲੀ ਪਈ ਦਰਬਾਰ ਵਿਚ ਸੁਣ ਅਤੇ ਸੁਣੈ ਕੇ।
ਸ਼ਸਤ੍ਰ ਜਿਥੇ ਘੜੀਂਵਦੇ ਲੋਹਾ ਜਾ ਸੁਟਿਆ।
ਭੱਠੀ ਵਿਚ ਤਾਅ ਦੇ ਕੇ ਅਹਿਰਣ ਤੇ ਕੁਟਿਆ।
ਮੈਲ ਜ਼ੰਗਾਲਾਂ ਲਾਹ ਕੇ ਤੇ ਕੜੇ ਬਣਾਏ।
ਰਖਿਆ ਲਈ ਮਜ਼ਲੂਮ ਦੀ ਹੱਥਾਂ ਵਿਚ ਪਾਏ।
ਸੁਣ ਕੇ ਸਾਰਾ ਹਾਲ ਇਹ ਸਤਿਗੁਰ ਹਰਖਾਏ।
ਜਿਨ ਲੈਣ ਵਾਸਤੇ ਪ੍ਰੀਖਿਆ ਕੌਤਕ ਵਰਤਾਏ।
ਭਰਮ-ਜਾਲ ਕਿੰਨਾ ਕੁ ਹੈ ਗੁਰ ਵੇਖਣ ਚਾਹੇ।
ਪਾਸ ਹੋ ਗਿਆ ਖ਼ਾਲਸਾ ਸਤਿਗੁਰ ਵਿਗਸਾਏ।
ਕਈ ਵਾਰੀ* ਐਸਾ ਵਿਅੰਗ ਮਈ ਖੇਲ ਰਚਾਇਆ।
ਹਰ ਵਾਰੀ 'ਮਿੱਤਰ' ਖ਼ਾਲਸੇ ਨੂੰ ਪੂਰਾ ਪਾਇਆ।

* ਦੱਖਣ ਜਾਂਦਿਆਂ ਦਾਦੂ ਦੀ ਕੱਬਰ ਤੇ ਤੀਰ ਨਾਲ ਸਤਿਕਾਰ ਕਰਦਿਆਂ ਵੀ ਖ਼ਾਲਸੇ ਨੇ ਜੁਆਬ ਮੰਗਿਆ ਸੀ ਤੇ ਗੁਰਦੇਵ ਨੇ ਦੇਗ ਕਰਵਾਈ ਸੀ। ਸਮੇਂ ਸਮੇਂ ਖ਼ਾਲਸੇ ਨੂੰ ਸਾਵਧਾਨ ਰੱਖਣ ਲਈ ਵਿਅੰਗੀ ਚੋਜ ਕੀਤੇ।

ਸ਼ੋਕ ਸ਼ੋਕ ਇਨਹੋਂ ਕਾ ਨਾਮ ਨ ਨਿਸ਼ਾਨ ਰਹਿਤਾ,
ਜੋ ਨ ਤੀਰ ਛੂਟਤੇ ਗੋਬਿੰਦ ਸਿੰਘ ਜਵਾਨ ਕੇ।੧੧।
ਗੁਰੂ ਨ ਗੋਬਿੰਦ ਸਿੰਘ ਹੋਤੇ ਜੋ ਜਹਾਨ ਬੀਚ,
ਦੇਖਤੇ ਜੋ ਹਾਲ ਹੋਤੇ ਇਨ ਕੀ ਸੰਤਾਨ ਕੇ।
ਆਜ ਜੋ ਲੋ ਦੇਤ ਹੈਂ ਵਖਿਆਨ ਯੇ ਜਹਾਨ ਬੀਚ,
ਸਿਰੇ ਮੇਲ ਦੇਤੇ ਹੈਂ ਜ਼ਮੀਨ ਆਸਮਾਨ ਕੇ।
ਹੋਵਨਾ ਥਾ ਧੋਬੀ ਯਾ ਲਿਲਾਰੀ ਇਨ੍ਹੇਂ ਹਿੰਦ ਬੀਚ,
ਪੂਤ ਜਿਹ ਕਹਾਤੇ ਆਜ ਅਹਮਦੀ ਈਮਾਨ ਕੇ।
ਕਹੀਂ ਯਹ ਆਰੀਆ, ਸਨਾਤਨੀ ਨ ਹੋਤੇ ਭਾਈਓ!
ਜੋ ਨ ਤੀਰ ਛੂਟਤੇ ਗੋਬਿੰਦ ਸਿੰਘ ਜਵਾਨ ਕੇ।੧੨।

['ਗੁਰਮਤਿ ਪ੍ਰਕਾਸ਼' ਦਸੰਬਰ ੮੬ ਚੋਂ]

**ਪਰਚੇ ਗੁੰਮ—** ਜੇ ਪਰਚਾ ੧੫ ਤਕ ਵੀ ਨਾ ਪੁਜੇ ਤਾਂ ਪਰਚਾ ਗੁੰਮ ਗਿਆ ਸਮਝੋ। ਫਿਰ ਹੋਰ ਪਰਚਾ ਭੇਜਣ ਲਈ ਸਾਨੂੰ ਕਾਰਡ ਪਾਓ ਜੀ।



www.AKJ.Org

# ਬੇ-ਇਤਫ਼ਾਕੀ ਦੀ ਜਾਗ ਨਾ ਲਾ ਸਿੰਘਾ !

[ਸ: ਸੰਤਾ ਸਿੰਘ ਜੀ ਆਜਿਜ਼]

ਬਾਰ ਬਾਰ ਇਹ ਬੇਨਤੀ ਕਰਾਂ ਸਿੰਘਾ,
ਸੁਣ ਕੇ ਬੇਨਤੀ ਰਿਦੇ ਵਿਚਾਰ ਤਾਂ ਸਹੀ।
ਕਦਮ ਕਿਉਂ ਥਿੜਕੇ ਸਿੱਧੇ ਮਾਰਗਾਂ ਤੋਂ,
ਆਪਣੇ ਪੰਧ ਵੱਲੇ ਨਜ਼ਰ ਮਾਰ ਤਾਂ ਸਹੀ।
ਮਾਣ ਬੜਾ ਸੀ ਪੰਥ ਨੂੰ ਤੁਧ ਉਤੇ,
ਭੁੱਲਾ ਕਿਉਂਕਰ ਯਾਦ ਇਕਰਾਰ ਤਾਂ ਸਹੀ।
ਦੂਰ ਖੜਾ ਭਰਾਵਾਂ ਤੋਂ ਤੋੜ ਰਿਸ਼ਤਾ,
ਪਿਆਰ ਨਾਲ ਇਕ ਵਾਰ ਪੁਕਾਰ ਤਾਂ ਸਹੀ।
ਢਹਿੰਦੀ ਕਲਾ ਵਲ ਕਿਉਂ ਝੁਕਾਉ ਤੇਰਾ,
ਚੜ੍ਹਦੀ ਕਲਾ ਵਾਲੀ ਚਾਲ ਭੁੱਲਿਆ ਤੂੰ।
ਸਫਲ ਤਾਰੂ ਸੈਂ ਡੂੰਘਿਆਂ ਸਾਗਰਾਂ ਦਾ,
ਛੱਪੜ, ਟੋਭਿਆਂ ਦੇ ਉਤੇ ਡੁੱਲ੍ਹਿਆ ਤੂੰ।
ਪੰਛੀ ਅਰਸ਼ ਦਾ ਉਚੀ ਪਰਵਾਜ਼ ਤੇਰੀ,
ਮਾਰੂ-ਥਲਾਂ ਸਹਿਰਾਵਾਂ ਵਿਚ ਰੁੱਲਿਆ ਤੂੰ।
ਸੁੱਚਾ ਰਤਨ ਅਨਮੋਲ ਸੰਸਾਰ ਦਾ ਸੈਂ,
ਕੌਡੀ ਪੱਥਰਾਂ ਦੇ ਮੁੱਲੋਂ ਤੁੱਲਿਆ ਤੂੰ।
ਤੇਰੀ ਅਣਖ ਮੋਹਰੇ ਹੁਕਮਰਾਨ ਝੁਕ ਗਏ,
ਝੁਕੀਆਂ ਪੈਰਾਂ ਦੇ ਵਿਚ ਨਵਾਬੀਆਂ ਵੀ।
ਸ਼ਾਂਤਮਈ ਸੁਧਾਰ ਅੰਦੋਲਨਾਂ ਨੇ,
ਖੋਹੀਆਂ ਚਤਰ ਅੰਗਰੇਜ਼ ਤੋਂ ਚਾਬੀਆਂ ਵੀ।
ਤੇਰੇ ਸਿਦਕ ਨੂੰ ਨਹੀਂ ਡੁਲਾ ਸਕੀਆਂ,
ਜੇਲ੍ਹਾਂ, ਫਾਂਸੀਆਂ ਖ਼ਾਨਾ-ਬਰਬਾਦੀਆਂ ਵੀ।
ਸੰਗਲ ਕੱਟਦਾ ਰਹਿਓਂ ਗੁਲਾਮੀਆਂ ਦੇ,
ਕਦੀ ਮਾਣੀਆਂ ਰੱਜ ਆਜ਼ਾਦੀਆਂ ਵੀ।
ਲਾਲੀ ਚੇਹਰੇ ਦੀ ਸਿਖਰ ਦੁਪਹਿਰ ਵਰਗੀ,
ਆਫ਼ਤਾਬ ਤੋਂ ਤੇਜ਼ ਜਮਾਲ ਤੇਰਾ।
ਕਾਇਨਾਤ ਝੁਕਦੀ ਤੇਰੇ ਅਜ਼ਮ ਅੱਗੇ,
ਅਟਕ ਅਟਕਦਾ ਵੇਖ ਜਲਾਲ ਤੇਰਾ।
ਫਤੇਹ ਬੋਲ ਕੇ ਵੈਰੀ ਤੇ ਕਰੇਂ ਹੱਲਾ,
ਰੁਕਣਾ ਰਾਹਾਂ ਦੇ ਵਿਚ ਮੁਹਾਲ ਤੇਰਾ।
ਵੈਰੀ, ਮੀਤ, ਬਲਿਹਾਰਨੇ ਜਾਣ ਤੈਥੋਂ,
ਰਣ ਵਿਚ ਤੇਗ ਦਾ ਵੇਖ ਕਮਾਲ ਤੇਰਾ।

ਜਿਨ੍ਹਾਂ ਸੁਣੇ ਤੱਕੇ ਪਰਉਪਕਾਰ ਤੇਰੇ,
ਤੈਨੂੰ ਪੂਜਦੇ ਰਹੇ, ਪਿਆਰਦੇ ਰਹੇ।
ਜਿਨ੍ਹਾਂ ਪਰਖ ਲਏ ਨੇਕ ਅਸੂਲ ਤੇਰੇ,
ਸਦਕੇ ਜਾਂਵਦੇ ਰਹੇ, ਸਤਿਕਾਰਦੇ ਰਹੇ।
ਜਿਨ੍ਹਾਂ ਲਈ ਕੁਰਬਾਨੀ ਰਹਿਓਂ ਕਰਦਾ,
ਧੰਨ ਧੰਨ ਆਖਦੇ ਰਹੇ, ਧਨ ਵਾਰਦੇ ਰਹੇ।
ਜਿਨ੍ਹਾਂ ਜਾਚ ਲਏ ਪਾਕ ਕਿਰਦਾਰ ਤੇਰੇ,
ਵਾਹ ਵਾਹ ਬੋਲਦੇ ਰਹੇ, ਪੁਕਾਰਦੇ ਰਹੇ।
ਦੁਖੀਏ ਤੇਰਾ ਹੀ ਆਸਰਾ ਭਾਲਦੇ ਸਨ,
ਹੁਣ ਕਿਉਂ ਦੂਸਰੇ ਦੀ ਮਿੰਨਤ ਕਰੇਂ ਸਿੰਘਾ।
ਤੇਰਾ ਘਰ ਇਨਸਾਫ਼ ਦਾ ਘਰ ਹੈ ਸੀ,
ਬੇਇਨਸਾਫ਼ੀਆਂ ਹੁਣ ਕਿਉਂਕਰ ਜਰੇਂ ਸਿੰਘਾ ?
ਦੁਸ਼ਮਨ ਯਰਕਦੇ ਸਨ ਤੇਰੇ ਜ਼ੋਰ ਅੱਗੇ,
ਕਾਇਰ ਬੁਜ਼ਦਿਲਾਂ ਤੋਂ ਹੁਣ ਕਿਉਂ ਡਰੇਂ ਸਿੰਘਾ ?
ਬੇ-ਇਤਫ਼ਾਕੀਆਂ ਨੇ ਬੇੜਾ ਗ਼ਰਕ ਕੀਤਾ,
ਤਾਹੀਏਂ ਪਾਮਰਾਂ ਦੇ ਹੱਥੋਂ ਮਰੇਂ ਸਿੰਘਾ ?
ਨਫ਼ਰਤ, ਈਰਖਾ, ਨਿੰਦਿਆ, ਧੜੇਬੰਦੀ,
ਦਸਮ ਪਿਤਾ ਨੂੰ ਮੂਲ ਨਾ ਭਾਂਵਦੀ ਏ।
ਜ਼ੋਰ, ਜਬਰ, ਹੈਂਕੜ, ਆਕੜਖ਼ਾਨੀਆਂ ਦੀ,
ਆਕੜ ਪਲਾਂ ਅੰਦਰ ਢਹਿ ਢਹਿ ਜਾਂਵਦੀ ਏ।
ਭੁੱਖ ਚੌਧਰਾਂ ਦੀ, ਭੁੱਖ ਕੁਰਸੀਆਂ ਦੀ,
ਮਿਟਦੀ ਨਹੀਂ ਇਹ ਮਾਰ ਮੁਕਾਂਵਦੀ ਏ।
ਆਪਣੀ ਗ਼ਰਜ਼ ਲਈ ਬਣੇ ਜੋ ਕੌਮ-ਘਾਤਕ,
ਕੌਮ ਹਸ਼ਰ ਤਕ ਲਾਅਨਤਾਂ ਪਾਂਵਦੀ ਏ।
ਸੇਵਾ ਕੌਮ ਦੀ ਭਾਗਾਂ ਦੇ ਨਾਲ ਮਿਲਦੀ,
ਸੇਵਾ ਗੁਰੂ ਘਰ ਦੀ ਪਰਉਪਕਾਰ ਵੱਡਾ।
ਆਪਾ ਵਾਰ ਜੋ ਕਰੇ ਨਿਸ਼ਕਾਮ ਸੇਵਾ,
ਪਾਏ ਜਗਤ ਵਿਚ ਮਾਨ ਸਤਿਕਾਰ ਵੱਡਾ।
ਜਥੇਦਾਰ, ਪਰਧਾਨ, ਸਕੱਤਰਾਂ ਤੋਂ,
ਨਾਨਕ ਗੁਰੂ ਦਾ ਸਚ-ਦਰਬਾਰ ਵੱਡਾ।
ਵੱਡਾ ਗੁਰੂ ਦਾ ਰੂਪ ਗ੍ਰੰਥ ਸਾਹਿਬ,
ਵੱਡਾ ਪੰਥ ਤੇ ਪੰਥ ਦਾ ਪਿਆਰ ਵੱਡਾ।



www.AKJ.Org

ਸਿੱਖੀ ਮਹਿਲ ਨੂੰ ਜਿਨ੍ਹਾਂ ਨਹੀਂ ਇੱਟ ਲਾਈ,
ਹੱਕ ਉਹਨਾਂ ਨੂੰ ਨਹੀਂ ਜੱਫੇ ਪਾਵਣੇ ਦਾ।
ਜਿਨ੍ਹਾਂ ਪੰਥ ਫੁਲਵਾੜੀ ਨੂੰ ਸਿੰਜਿਆ ਨਹੀਂ,
ਹੱਕ ਨਹੀਂ ਫੁਲਾਂ ਤਾਈਂ ਹੱਥ ਪਾਵਣੇ ਦਾ।
ਦੁਖੀ ਪੰਥ ਨੂੰ ਦੇਖ ਜੋ ਕਲਪਿਆ ਨਹੀਂ,
ਹੱਕ ਨਹੀਂ ਹਮਦਰਦ ਕਹਿਲਾਵਣੇ ਦਾ।
ਜਿਹਨੇ ਕੌਮ ਉਤੋਂ ਆਪਾ ਵਾਰਿਆ ਨਹੀਂ,
ਹੱਕ ਨਹੀਂ ਗਲ ਹਾਰ ਪੁਆਵਣੇ ਦਾ।

ਤੇਰਾ ਨਾਅਰਾ 'ਸਰਬੱਤ ਦਾ ਭਲਾ' ਪਲ ਪਲ,
ਵੇਖ ਮਾਰੂ ਹੁਣ ਰਾਗ ਨਾ ਗਾ ਸਿੰਘਾ।
ਤੇਰੇ ਸਿਰ ਦਸਤਾਰ ਦਸਮੇਸ਼ ਦੀ ਏ,
ਇਸ ਦਸਤਾਰ ਨੂੰ ਲਾਜ ਨਾ ਲਾ ਸਿੰਘਾ।
ਪੰਥ ਏਕਤਾ ਦੇ ਸੁੱਚੇ ਦੁੱਧ ਨੂੰ ਤੂੰ,
ਬੇ-ਇਤਫ਼ਾਕੀ ਦੀ ਜਾਗ ਨਾ ਲਾ ਸਿੰਘਾ।
ਰਾਜ ਕਰੇਗਾ ਖਾਲਸਾ ਜਾਪ ਤੇਰਾ,
ਏਸ ਜਾਪ ਤੇ ਫੁੱਲ ਚੜ੍ਹਾ ਸਿੰਘਾ।

["ਜਬੈ ਬਾਣ ਲਾਗਯੋ" ਵਿਚੋਂ

# ਦਰਸ ਮਹਿਬੂਬ ਦਾ ਕਰ ਕੇ

[ ਸ: ਉਜਾਗਰ ਸਿੰਘ ਜੀ ਉਲਫ਼ਤ ]

ਦਰਸ ਮਹਿਬੂਬ ਦਾ ਕਰ ਕੇ,
ਮੇਰੇ ਦਿਲ ਨੂੰ ਕਰਾਰ ਆਇਆ।
ਸ਼ਮ੍ਹਾ ਦੀ ਰੌਸ਼ਨੀ ਤੱਕ ਕੇ,
ਸੀ ਪਰਵਾਨੇ ਨੂੰ ਪਿਆਰ ਆਇਆ।

ਪਤਾ ਕੁਝ ਵੀ ਨਾ ਜ਼ਾਹਿਦ ਨੂੰ
ਹੁਸਨ ਦੀ ਬੇਨਿਆਜ਼ੀ ਦਾ,
ਉਹ ਬੱਦ-ਖ਼ੂ ਤੱਕ ਕੇ ਜਲਵਾ,
ਮਸੀਤੋਂ ਹੀ ਨਾ ਬਾਹਰ ਆਇਆ।

ਹੱਵਸ ਹੰਕਾਰ ਦੇ ਅੰਦਰ,
ਰਿਹਾ ਉਹ ਭੜਕਦਾ ਓਵੇਂ,
ਤਜੱਲਾ ਜ਼ਾਤ ਉਹਦੀ ਦਾ,
ਸੀ ਸਾਹਵੇਂ ਸੌ ਸੌ ਵਾਰ ਆਇਆ।

ਉਹ ਅਰਸ਼ੀ ਜੋਤ ਸੀ ਆਈ,
ਮੁਨੱਵਰ ਨੂਰ ਲੈ ਕੇ,
ਗੁਨਾਹਗਾਰਾਂ ਦੀ ਬਖ਼ਸ਼ਸ਼ ਲਈ,
ਸੀ ਉਹ ਅਬਰੇ-ਬਹਾਰ ਆਇਆ।

ਉਹਦੇ ਹੱਥਾਂ ਚਿ ਤਕਿਆ ਮੈਂ,
ਛਲਕਦਾ ਜਾਮ ਰਹਿਮਤ ਦਾ,
ਉਹ ਵੰਡਦਾ ਜਾਮ ਅੰਮ੍ਰਿਤ ਦੇ,
ਸੀ ਖ਼ੁਦ ਜੱਨਤ ਗੁਫ਼ਾਰ ਆਇਆ।

ਉਹ ਧਰਤੀ ਹੀ ਅਨੰਦਪੁਰ ਦੀ,
ਹੈ ਚਸ਼ਮਾ ਆਬਿ-ਕੌਸਰ ਦਾ,
ਜਿਥੋਂ ਇਹ ਸਰਕਦਾ ਸੋਮਾ,
ਬਰੂਏ ਬਰ-ਕਿਨਾਰ ਆਇਆ।

ਜਿਨ੍ਹੇ ਘੁੱਟ ਪੀ ਲਿਆ ਆ ਕੇ,
ਉਦ੍ਹੇ ਸਾਗਰ ਸੁਰਾਹੀ ਚੋਂ,
ਉਹ ਘਮਸਾਣਾਂ ਚੋਂ ਲੰਘਦਾ ਵੀ,
ਸਦਾ ਸਾਗਰ ਚੋਂ ਪਾਰ ਆਇਆ।

ਗੜ੍ਹੀ ਚਮਕੌਰ ਦੀ ਵੇਖੀ,
ਤੱਕੇ ਸਰਹਿੰਦ ਦੇ ਜਲਵੇ,
ਤਾਂ ਮਾਸੂਮਾਂ ਦੀ ਹਸਰਤ ਦਾ,
ਸੀ ਸਾਹਵੇਂ ਚਮਤਕਾਰ ਆਇਆ।

ਕਰਾਂ ਸਿਫ਼ਤੋ-ਸਨਾਂ 'ਉਲਫ਼ਤ',
ਮੈਂ ਕੀ ਮਹਿਬੂਬ ਮਾਹੀ ਦੀ,
ਉਹ ਮਹਿਰਮ ਮੁਸਤਫ਼ਾ ਸੋਹਣਾ,
ਸੀ ਮਜ਼ਲੂਮਾਂ ਦਾ ਯਾਰ ਆਇਆ।

[ਉਲਫ਼ਤ ਗ਼ਜ਼ਲਾਂ ਵਿਚੋਂ

ਮਹਿਬੂਬ—ਪ੍ਰੀਤਮ। ਕਰਾਰ—ਸੁਖ। ਜ਼ਾਹਿਦ—ਧਰਮ-ਪਰਚਾਰਕ। ਬੇਨਿਆਜ਼ੀ—ਨਿਰ-ਇੱਛਤ। ਬੱਦ-ਖ਼ੂ—ਬੁਰੀ ਆਦਤ ਵਾਲਾ। ਹੱਵਸ—ਖ਼ਾਹਸ਼। ਤਜੱਲਾ—ਜਲਵਾ। ਮੁਨੱਵਰ—ਰੌਸ਼ਨ। ਅਬਰੇ ਬਹਾਰ—ਬਹਾਰ ਦਾ ਮੀਂਹ। ਗੁਫ਼ਾਰ—ਬਖ਼ਸ਼ਿੰਦ। ਆਬਿ ਕੌਸਰ—ਬਹਿਸ਼ਤੀ ਨਹਿਰ ਦਾ ਜਲ। ਬਰੂਏ ਬਰ-ਕਿਨਾਰ—ਕਿਨਾਰੇ ਤੋਂ ਬਾਹਰ। ਸਾਗ਼ਰ—ਜਾਮ (ਭਾਂਡਾ)। ਮੁਸਤਫ਼ਾ—ਖਾਲਸ।

www.AKJ.Org

# ਕਰਮ ਅਤੇ ਧਰਮ

[ਡਾਕਟਰ ਅਮਰੀਕ ਸਿੰਘ ਜੀ ਚੀਮਾ]

ਡਾਕਟਰ ਚੀਮਾ ਜੀ ਦੀ ਪੁਸਤਕ "ਨਾਮ ਯੋਗ" ਵਿਚੋਂ ਪਿਛਲੇ ਮਹੀਨੇ 'ਮਾਨਸਿਕ ਰੋਗ' ਲੇਖ ਸੰਖੇਪ ਰੂਪ ਵਿਚ ਦਿਤਾ ਸੀ, ਐਤਕੀ ਉਸੇ ਪੁਸਤਕ ਦਾ ਦੂਜਾ ਲੇਖ 'ਕਰਮ ਅਤੇ ਧਰਮ', ਜੋ ਪੁਸਤਕ ਵਿਚ ੫੫ ਸਫ਼ਿਆਂ ਦਾ ਹੈ, ਉਸ ਦਾ ਸਾਰੰਸ਼, ਡਾਕਟਰ ਸਾਹਿਬ ਦੇ ਸ਼ਬਦਾਂ ਵਿਚ ਹੀ ਦਿਤਾ ਜਾ ਰਿਹਾ ਹੈ, ਜੋ ਸਕੂਲਾਂ ਕਾਲਜਾਂ ਵਿਚ ਪੜ੍ਹ ਰਹੇ ਨੌਜਵਾਨ ਬੱਚਿਆਂ ਨੂੰ ਚੰਗੇ ਮਨੁਖ ਬਣਨ ਲਈ ਸੇਧ ਦੇਂਦਾ ਹੈ। —ਸੰਪਾਦਕ

ਕਰਮ ਸ਼ਬਦ 'ਕਰ' ਮੂਲ ਤੋਂ ਨਿਕਲਿਆ ਹੈ, ਜਿਸ ਦਾ ਮਤਲਬ ਹੈ 'ਕਰਨਾ'। ਸਾਰੇ ਅਮਲ ਮਨੁਖ ਜੋ ਕਰਦਾ ਹੈ, ਭਾਵੇਂ ਸੋਚਣ ਨਾਲ, ਵੇਖਣ ਨਾਲ, ਬੋਲਣ ਨਾਲ, ਸੁਣਨ ਨਾਲ ਤੇ ਹੱਥਾਂ ਨਾਲ ਕਰੇ, ਉਸ ਨੂੰ ਕਰਮ ਆਖਦੇ ਹਨ। ਕਰਮ ਦੋ ਪ੍ਰਕਾਰ ਦੇ ਹਨ—ਚੰਗੇ ਜਾਂ ਮੰਦੇ। ਹਿੰਦੂ, ਬੁਧ ਤੇ ਸਿਖ ਧਰਮ ਅਨੁਸਾਰ ਜੋ ਅਸੀਂ ਅੱਜ ਹਾਂ, ਉਹ ਸਾਡੇ ਪਿਛਲੇ ਜੀਵਨ ਦੇ ਕਰਮਾਂ ਦਾ ਅਸਰ ਹੁੰਦਾ ਹੈ, ਤੇ ਜੋ ਕਰਮ ਇਸ ਜੀਵਨ ਵਿਚ ਕਰਦੇ ਹਾਂ ਉਸ ਦਾ ਪ੍ਰਭਾਵ ਅਗਲੀ ਆਉਣ ਵਾਲੀ ਜ਼ਿੰਦਗੀ ਤੇ ਪਵੇਗਾ। ਇਹ ਸਾਡੇ ਹੱਥ ਹੈ ਕਿ ਅਸੀਂ ਆਪਣਾ ਅਗਲਾ ਜੀਵਨ ਕਿਸ ਤਰ੍ਹਾਂ ਦਾ ਬਣਾਉਣਾ ਹੈ। ਇਸ ਨੂੰ 'ਕਾਰਣ ਅਤੇ ਸਿੱਟੇ ਦਾ ਕਾਨੂੰਨ (Law of cause and effect) ਆਖਦੇ ਹਨ। 'ਚੰਗੇ ਕਰਮਾਂ ਦਾ ਚੰਗਾ ਅਸਰ ਤੇ ਮੰਦੇ ਕਰਮਾਂ ਦਾ ਮੰਦਾ ਅਸਰ'। ਇਹ ਹੈ ਉਹ ਕਾਨੂੰਨ, ਜਿਸ ਦੇ ਨਾਲ ਆਤਮਾ ਵਖ ਵਖ ਜੂਨਾਂ ਵਿਚ ਭੌਂਦੀ ਹੈ।

—ਜੇਵੇਹੇ ਕਰਮ ਕਮਾਵਦਾ ਤੇਵੇਹੇ ਫਲਤੇ ॥੩੨॥ (੩੧੭)
—ਦਿਨੁ ਰਾਤਿ ਕਮਾਇਅੜੋ ਸੋ ਆਇਓ ਮਾਥੈ ॥੧॥੧੩॥ (੪੬੧)
—ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥੭॥ (੧੩੪)

ਇਹ ਜੂਨਾਂ ਦਾ ਚੱਕਰ ਕਰਮਾਂ ਦੇ ਬੰਧਨ ਕਰਕੇ ਹੁੰਦਾ ਹੈ, ਤੇ ਇਹ ਚੱਕਰ ਉਦੋਂ ਤੀਕ ਚਲਦਾ ਰਹਿੰਦਾ ਹੈ ਜਦੋਂ ਤੀਕ ਮੁਕਤੀ ਨਹੀਂ ਹੁੰਦੀ; ਗੱਲ ਕੀ, ਜਦੋਂ ਤੀਕ ਕਰਮਾਂ ਦੇ ਬੰਧਨ ਜਾਂ ਤ੍ਰਿਸ਼ਨਾ ਖ਼ਤਮ ਨਹੀਂ ਹੁੰਦੀ। ਜਿੰਨੀਆਂ ਮਨ ਦੀਆਂ ਖ਼ਾਹਸ਼ਾਂ ਲੈ ਕੇ ਮਨੁਖ ਮਰਦਾ ਹੈ ਉਨਾ ਹੀ ਉਸ ਨੂੰ ਅਗਲੇ ਜਨਮ ਵਿਚ ਦੁਖ ਮਿਲਦਾ ਹੈ।

ਜਿਸ ਜਿਸਮ ਨੂੰ ਖੁਸ਼ ਕਰਨ ਲਈ ਮਨੁਖ ਸੋਹਣੇ ਪਦਾਰਥ ਖਾਂਦਾ ਹੈ, ਸੋਹਣੇ ਬੰਗਲੇ ਬਣਾਂਦਾ ਹੈ, ਮਾਇਆ ਜਮ੍ਹਾ ਕਰਦਾ ਹੈ, ਉਹ ਸਾਰਾ ਕੁਝ ਇਥੇ ਹੀ ਰਹਿ ਜਾਂਦਾ ਹੈ, ਤੇ ਮਨੁਖ ਸਾਰੇ ਮੰਦੇ ਕਰਮ ਅਗਲੇ ਜਨਮ ਵਿਚ ਨਾਲ ਲੈ ਜਾਂਦਾ ਹੈ।

ਕਰਮ ਤੇ ਧਰਮ ਦਾ ਬਹੁਤ ਮੇਲ ਹੈ। ਜੇ ਬੰਦਾ ਧਰਮੀ ਹੈ ਤਾਂ ਏਸੇ ਲਈ ਹੈ ਕਿ ਕਰਮ ਚੰਗੇ ਕਰਦਾ ਹੈ, ਤੇ ਜੇ ਅਧਰਮੀ ਹੈ ਤਾਂ ਉਸ ਦੇ ਕਰਮ ਮੰਦੇ ਹੁੰਦੇ ਹਨ। ਇਸ ਲਈ ਜ਼ਰੂਰੀ ਹੈ ਕਿ ਹਰ ਮਨੁਖ ਧਰਮੀ ਹੋਵੇ, ਤੇ ਜੋ ਵੀ ਕਰਮ ਕਰੇ ਉਸ ਦੇ ਚੰਗੇ ਮੰਦੇ ਫਲ ਰੱਬ ਨੂੰ ਸੌਂਪਦਾ ਰਹੇ ਤੇ ਸਾਰੇ ਕਰਮ ਇਕ ਸੇਵਕ ਜਾਂ ਦਾਸ ਦੀ ਸ਼ਕਲ ਵਿਚ ਰੱਬ ਦੇ ਨਮਿਤ ਕਰਦਾ ਰਹੇ, ਤਾਂ ਕੋਈ ਚੰਗਾ-ਮੰਦਾ ਕਰਮ ਮਨੁਖ ਦੇ ਸੰਸਕਾਰਾਂ ਤੇ ਅਸਰ ਨਹੀਂ ਕਰਦਾ। ਅਤੇ ਅਜਿਹਾ ਮਨੁਖ ਦੁਖ-ਸੁਖ ਵਿਚ ਰੱਬ ਦਾ ਭਾਣਾ ਮੰਨਦਾ ਹੈ।

ਇਸ ਲਈ ਇਹ ਜ਼ਰੂਰੀ ਹੈ ਕਿ ਧਰਮ ਦੇ ਮੋਟੇ ਮੋਟੇ ਅਸੂਲਾਂ ਦੀ ਵਿਆਖਿਆ ਕੀਤੀ ਜਾਵੇ। ਇਹ ਧਰਤੀ ਧਰਮ ਦੇ ਅਸੂਲਾਂ ਦੇ ਆਸਰੇ ਬਚੀ ਚਲੀ ਆ ਰਹੀ ਹੈ।

ਧੌਲੁ ਧਰਮੁ ਦਇਆ ਕਾ ਪੂਤੁ ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥੧੬॥ [ਜਪੁਜੀ

**ਦਇਆ**—ਸਾਰੀ ਸ੍ਰਿਸ਼ਟੀ ਧਰਮ ਦੇ ਆਸਰੇ ਖੜੀ ਹੈ, ਜੋ ਦਇਆ ਤੋਂ ਉਤਪੰਨ ਹੋਇਆ ਹੈ, ਤੇ ਸੰਤੋਖ


www.AKJ.Org

ਨੇ ਜਿਸ ਦਾ ਸੂਤ ਬੰਨ੍ਹ ਰਖਿਆ ਹੋਵੇ। ਨਾਮ ਦੇ ਰਸੀਆਂ ਦਾ ਧਰਮ ਕੇਵਲ ਨਾਮ ਹੀ ਹੈ।

ਕਿਉਂਕਿ ਸਾਰੇ ਬੰਦਿਆਂ ਵਿਚ ਆਤਮਾ ਇਕ ਹੈ, ਇਸ ਲਈ ਹਰ ਇਕ ਨਾਲ ਪ੍ਰੇਮ-ਪਿਆਰ ਕਰਨਾ ਤੇ ਕਿਸੇ ਦਾ ਦਿਲ ਨਾ ਦੁਖਾਉਣਾ ਹੀ ਇਨਸਾਨੀਅਤ ਦਾ ਸਾਂਝਾ ਅਸੂਲ ਤੇ ਧਰਮ ਹੈ।

ਹੋਇ ਸਗਲ ਕੀ ਰੇਣੁਕਾ ਹਰਿ ਸੰਗਿ ਸਮਾਵਉ ॥
ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ ॥੧੭॥ (੩੨੨)

ਮਨੁਖ ਇੱਟਾਂ ਨਾਲ ਮੰਦਰ ਤੇ ਗੁਰਦਵਾਰੇ ਬਣਾਉਣ ਦਾ ਸ਼ੁਭ ਕਾਰਜ ਕਰਦਾ ਹੈ। ਹਜ਼ਾਰਾਂ ਰੁਪਏ ਖ਼ਰਚ ਕੇ ਇੱਟਾਂ ਲਗਾਉਂਦਾ ਹੈ ਕਿ ਉਸ ਦਾ ਨਾਂ ਰਹੇ। ਪਰ ਹਰ ਰੋਜ਼ ਕਈ ਮੰਦਰ ਢਾਹੁੰਦਾ ਹੈ, ਕਿਉਂਕਿ ਕਿੰਨੇ ਹੀ ਦਿਲ ਉਹ ਰੋਜ਼ ਦੁਖਾਉਂਦਾ ਹੈ। ਬਾਬਾ ਫਰੀਦ ਅਨੁਸਾਰ ਹਰ ਦਿਲ ਅਮੋਲਕ ਮਾਣਕ ਹੈ, ਕਿਸੇ ਦਾ ਮਨ ਨਾ ਦੁਖਾਓ— ਹਿਆਉ ਨ ਕੈਹੀ ਠਾਹਿ, ਮਾਣਕ ਸਭ ਅਮੋਲਵੇ ॥੧੨੯॥ (੧੩੮੪)

ਸਿੱਖੀ ਦਾ ਮੂਲ ਹੀ ਦਇਆ ਹੈ, ਜਿਸ ਤੋਂ ਧਰਮ ਉਪਜਦਾ ਹੈ। ਜਦੋਂ ਤੀਕ ਦਇਆ ਹੈ, ਤਦੋਂ ਤਕ ਧਰਮ, ਸੰਤੋਖ, ਖਿਮਾ, ਤੇ ਧੀਰਜ ਸਾਰੇ ਗੁਣ ਰਹਿੰਦੇ ਹਨ। ਦਇਆਵਾਨ ਪੁਰਸ਼ ਦੇ ਚਾਰੇ ਪਾਸੇ ਸ਼ਾਂਤੀ ਹੀ ਸ਼ਾਂਤੀ ਹੁੰਦੀ ਹੈ। ਖਿੜਿਆ ਮੱਥਾ, ਤਰਸ ਤੇ ਰਹਿਮ ਭਰੀਆਂ ਅੱਖਾਂ ਤੇ ਮਿਠਾਸ ਭਰੀ ਬੋਲੀ, ਪੱਥਰ-ਦਿਲਾਂ ਨੂੰ ਵੀ ਮੋਮ ਕਰ ਦਿੰਦੇ ਹਨ। ਦਇਆਹੀਨ ਪੁਰਸ਼ ਇਨਸਾਨ ਨਹੀਂ ਅਖਵਾ ਸਕਦੇ, ਉਹ ਹੈਵਾਨ ਦੇ ਬਰਾਬਰ ਹੁੰਦੇ ਹਨ।

ਦਇਆਵਾਨ ਪੁਰਖ ਆਪਣੇ ਸੁਖਾਂ ਨੂੰ ਲਾਂਭੇ ਰੱਖ, ਆਪਣੇ ਕੰਮ ਕਾਜ ਛਡ ਕੇ, ਦੂਜੇ ਗ਼ਰੀਬਾਂ ਤੇ ਲੋੜਵੰਦ ਇਨਸਾਨਾਂ ਦੀ ਮਦਦ ਕਰਦਾ ਹੈ। ਇਸ ਨੂੰ 'ਨਿਸ਼ਕਾਮ ਸੇਵਾ' ਕਹਿੰਦੇ ਹਨ। .....ਸਿਖ ਧਰਮ ਵਿਚ ਸੇਵਾ ਦਾ ਜੋ ਅਸੂਲ ਹੈ ਉਹ ਗੁਰਦਵਾਰੇ ਦੀ ਸੇਵਾ, ਲੰਗਰ ਦੀ ਸੇਵਾ, ਜੋੜਿਆਂ ਦੀ ਸੇਵਾ ਤੇ ਹੀ ਖ਼ਤਮ ਨਹੀਂ ਹੁੰਦੀ, ਸਗੋਂ ਹਰ ਦੁਖੀ, ਬੀਮਾਰ ਤੇ ਗ਼ਰੀਬ ਦੀ ਸੇਵਾ ਕਰਨੀ ਵੀ ਜ਼ਰੂਰੀ ਹੈ। ਜੇ ਮਨੁਖ ਦਇਆਵਾਨ ਤੇ ਸੇਵਾਦਾਰ ਹੋ ਜਾਣ ਤਾਂ ਸਾਡੇ ਦੇਸ਼ ਦੀ ਗ਼ਰੀਬੀ ਤੇ ਬੀਮਾਰੀ ਦੇ ਇਲਾਜ ਸੌਖੇ ਹੋ ਸਕਦੇ ਹਨ।

**ਸੰਤੋਖ**—ਕੰਮ ਕਰਨਾ ਤੇ ਉਸ ਦੇ ਫਲ ਦੀ ਤ੍ਰਿਸ਼ਨਾ ਨਾ ਕਰਨੀ, ਜਿੰਨਾ ਮਿਲੇ, ਹੱਸ ਕੇ, ਖ਼ੁਸ਼ ਹੋ ਕੇ ਲੈਣਾ, ਤੇ ਥੋੜਾ ਮਿਲਣ ਤੇ ਮਨ ਦੁਖੀ ਨਾ ਕਰਨਾ—ਇਸ ਨੂੰ 'ਸੰਤੋਖ' ਆਖਦੇ ਹਨ।...ਸੰਤੋਖ ਦਾ ਇਹ ਮਤਲਬ ਨਹੀਂ ਕਿ ਕੰਮ ਨਾ ਕਰੋ ਤੇ ਸੁਸਤ ਬਣੇ ਰਹੋ। ਜੋ ਉਤੋਂ ਤਾਂ ਸੰਤੋਖੀ ਦਿਸੇ ਤੇ ਅੰਦਰੋਂ ਤ੍ਰਿਸ਼ਨਾ ਤੇ ਈਰਖਾ ਦੀ ਅੱਗ ਨਾਲ ਸੜਦਾ ਰਹੇ, ਉਹ ਦੁਨੀਆ ਨੂੰ ਧੋਖਾ ਦੇਂਦਾ ਹੈ।

ਗੁਰੂ ਨਾਨਕ ਦੇਵ ਜੀ ਦਾ ਕਥਨ ਹੈ ਕਿ ਕੇਵਲ ਸੰਤੋਖੀ ਆਦਮੀ ਹੀ ਜਨਤਾ ਦੀ ਸੇਵਾ ਤੇ ਸਮਾਜ ਵਿਚ ਕੰਮ ਕਰ ਸਕਦਾ ਹੈ, ਤੇ ਜੇ ਆਪ ਰਜਿਆ ਹੋਵੇ ਤਾਂ ਹੀ ਕਿਸੇ ਨੂੰ ਕੁਝ ਦੇ ਸਕਦਾ ਹੈ—

ਸੇਵ ਕੀਤੀ ਸੰਤੋਖੀਈਂ ਜਿਨ੍ਹੀ ਸਚੋ ਸਚੁ ਧਿਆਇਆ ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥
ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥੭॥ (੪੬੬-੬੭)

ਸੰਤੋਖੀ ਆਦਮੀ ਦੀਆਂ ਗ਼ਰਜ਼ਾਂ ਤੇ ਲੋੜਾਂ ਘਟ ਜਾਂਦੀਆਂ ਹਨ। ਧਰਮ ਦੀ ਕਿਰਤ ਦਾ ਕਮਾਇਆ ਹੋਇਆ ਧਨ ਹੀ ਸੰਤੋਖ ਦੇਂਦਾ ਹੈ, ਪਰ ਅੱਜ ਕਲ੍ਹ ਸੰਤੋਖ ਦੀ ਘਾਟ ਹੈ। ਹਰ ਇਕ ਨੂੰ ਧਨ ਇਕੱਠਾ ਕਰਨ ਦੀ ਲਗੀ ਹੋਈ ਹੈ। ਸਾਰੇ ਮੰਦੇ ਕੰਮ ਗ਼ਰਜ਼ਾਂ ਤੇ ਲੋੜਾਂ ਵਧਣ ਨਾਲ ਕਰਨੇ ਪੈਂਦੇ ਹਨ ਤੇ ਇਹ ਤ੍ਰਿਸ਼ਨਾ ਆਦਮੀ ਨੂੰ ਸੰਤੁਸ਼ਟ ਨਹੀਂ ਹੋਣ ਦੇਂਦੀ—

ਸਹਸ ਖਟੇ ਲਖ ਕਉ ਉਠਿ ਧਾਵੈ ॥ ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥
ਅਨਿਕ ਭੋਗ ਬਿਖਿਆ ਕੇ ਕਰੈ ॥ ਨਹ ਤ੍ਰਿਪਤਾਵੈ ਖਪਿ ਖਪਿ ਮਰੈ ॥
ਬਿਨਾ ਸੰਤੋਖ ਨਹੀ ਕੋਊ ਰਾਜੈ ॥ ਸੁਪਨ ਮਨੋਰਥ ਬ੍ਰਿਥੇ ਸਭ ਕਾਜੈ ॥੫॥੧੨॥ (੨੭੮-੭੯)

ਸੰਤੋਖੀ ਪੁਰਖ ਆਪਣੀ ਹੱਕ ਹਲਾਲ ਦੀ ਕਿਰਤ ਕਰ ਕੇ, ਜੈਸੀ ਮਿਲੇ, ਪ੍ਰਮਾਤਮਾ ਦਾ ਸ਼ੁਕਰ ਕਰਦਾ ਹੈ। ਪਰਾਈਆਂ



www.AKJ.Org

ਹਵੇਲੀਆਂ ਦੇਖ ਕੇ, ਦੂਜੇ ਦੇ ਸੋਹਣੇ ਕਪੜੇ ਤੇ ਰੋਟੀ ਦੇਖ ਕੇ, ਆਪਣਾ ਦਿਲ ਨਹੀਂ ਤਰਸਾਉਂਦਾ—

ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ ॥
ਫਰੀਦਾ ਦੇਖਿ ਪਰਾਈ ਚੋਪੜੀ ਨ ਤਰਸਾਏ ਜੀਉ ॥੨੯॥ (੧੩੭੯)

ਗੁਰੂ ਨਾਨਕ ਜੀ ਨੇ ਸਤ ਤੇ ਸੰਤੋਖ ਵਿਚ ਰਹਿਣ ਦਾ, ਤੇ ਖਿਮਾ ਨੂੰ ਧਾਰਨ ਕਰਨ ਦਾ ਪਰਚਾਰ ਕੀਤਾ—

ਸਤ ਸੰਤੋਖਿ ਰਹਹੁ ਜਨ ਭਾਈ ॥ ਖਿਮਾ ਗਹਹੁ ਸਤਿਗੁਰ ਸਰਣਾਈ ॥
ਆਤਮੁ ਚੀਨਿ ਪਰਾਤਮੁ ਚੀਨਹੁ, ਗੁਰ ਸੰਗਤਿ ਇਹੁ ਨਿਸਤਾਰਾ ਹੇ ॥੮॥ (੧੦੩੦)

ਸੋ ਸੰਤੋਖ ਐਸਾ ਉਤਮ ਗੁਣ ਹੈ, ਜੋ ਮਨੁਖ ਨੂੰ ਸਦਾ ਮਾਨਸਿਕ ਤੌਰ ਤੇ ਸੰਤੁਸ਼ਟ ਰਖਦਾ ਹੈ। ਇਸ ਦਾ ਅਰਥ ਇਹ ਨਹੀਂ ਕਿ ਵਧੇਰੇ ਖ਼ੁਸ਼ਹਾਲੀ ਜਾਂ ਪ੍ਰਾਪਤੀ ਲਈ ਉਦਮ ਨਹੀਂ ਕਰਨਾ। ਅਸਲ ਗੱਲ ਇਹ ਹੈ ਕਿ ਦੂਜਿਆਂ ਦੀ ਪ੍ਰਾਪਤੀ ਤੇ ਈਰਖਾ ਨਾ ਕਰਨਾ ਤੇ ਆਪਣੀ ਤੇ ਸੰਤੁਸ਼ਟ ਰਹਿਣਾ ਹੀ ਸੱਚਾ ਸਬਰ ਸੰਤੋਖ ਹੈ।

**ਖਿਮਾ**—ਦਇਆ ਤੇ ਖਿਮਾ ਇਕੱਠੀਆਂ ਹੀ ਕੰਮ ਕਰਦੀਆਂ ਹਨ। ਖਿਮਾ ਨਾਲ ਕਲੇਸ਼ ਘਟਦਾ ਹੈ, ਵਧਦਾ ਨਹੀਂ। ਪਰ ਦੰਡ ਤੇ ਬਦਲਾ ਲੈਣ ਦਾ ਖ਼ਿਆਲ ਦੁਨੀਆ ਵਿਚ ਅਸ਼ਾਂਤੀ, ਅਧੀਰਜ ਤੇ ਅਧਰਮ ਨੂੰ ਫੈਲਾ ਰਹੇ ਹਨ। ਹਿੰਦ ਤੇ ਪਾਕਿਸਤਾਨ ਵਿਚ ਇਕ ਦੂਜੇ ਤੋਂ ਬਦਲਾ ਲੈਣ ਦੇ ਖਿਆਲ ਨਾਲ ਫ਼ੌਜ ਤੇ ਹਥਿਆਰ ਇਕੱਠੇ ਕਰਨ ਦੀ ਰੇਸ (ਦੌੜ) ਲਗੀ ਹੋਈ ਹੈ। ਪਰ ਜੇ ਲੀਡਰ ਖਿਮਾ ਦੇ ਅਸੂਲ ਤੇ ਅਮਲ ਕਰਨ, ਤਾਂ ਉਹ ਹੀ ਰੁਪਿਆ ਗਰੀਬੀ ਹਟਾਉਣ ਤੇ ਲਗ ਸਕਦਾ ਹੈ। ਇਹੋ ਹਾਲ ਵਡੇ ਵਡੇ ਦੇਸ਼ਾਂ ਦਾ ਹੈ। ਜਦੋਂ ਤੁਸੀਂ ਕਿਸੇ ਦਾ ਬੁਰਾ ਨਹੀਂ ਸੋਚੋਗੇ ਤਾਂ ਪਿਆਰ ਆਲਮਗੀਰ ਹੋਵੇਗਾ। ਜਦੋਂ ਤੁਸੀਂ ਕਿਸੇ ਦੇ ਅਪਰਾਧ ਨੂੰ ਖਿਮਾ ਕਰੋਗੇ ਤਾਂ ਤੁਹਾਡਾ ਕੋਈ ਦੁਸ਼ਮਨ ਨਹੀਂ ਰਹੇਗਾ। ਮੁਆਫ਼ ਕਰ ਦੇਣ ਵਿਚ ਅਤਿ ਖ਼ੁਸ਼ੀ ਹੈ, ਤੇ ਸ਼ਾਂਤੀ ਮਿਲਦੀ ਹੈ। ਖਿਮਾ ਸਿਰਫ਼ ਬਲਵਾਨ ਆਦਮੀ ਕਰ ਸਕਦਾ ਹੈ। ਖਿਮਾਵਾਨ ਇਨਸਾਨ ਵਿਚ ਰੱਬ ਆਪ ਵਸਦਾ ਹੈ।

ਖਿਮਾ ਕਰਕੇ ਕ੍ਰੋਧ ਦੀ ਅੱਗ ਬੁਝ ਜਾਂਦੀ ਹੈ। ਖਿਮਾ ਹੀ ਦਵਾਈ ਹੈ ਕ੍ਰੋਧ ਤੇ ਹੰਕਾਰ ਦੀ। ਫ਼ਰੀਦ ਜੀ ਨੇ ਤਾਂ ਏਥੋਂ ਤਕ ਖਿਮਾ ਦਾ ਅਸੂਲ ਦਸਿਆ ਹੈ ਕਿ ਅਗਰ ਤੁਹਾਨੂੰ ਕੋਈ ਮੁਕੀਆਂ ਮਾਰੇ ਤਾਂ ਉਸ ਨੂੰ ਘਸੁੰਨ ਨਹੀਂ ਮਾਰਨਾ, ਸਗੋਂ ਉਸ ਦੇ ਘਰ ਜਾ ਕੇ ਉਸ ਦੇ ਪੈਰ ਚੁੰਮਣੇ ਹਨ।

**ਸੱਚ**—ਸਤਿ ਆਖਦੇ ਹਨ ਸੱਚ ਨੂੰ। ਸੱਚ ਦਾ ਦਰਜਾ ਬਾਣੀ ਵਿਚ ਬਹੁਤ ਉੱਚਾ ਹੈ। 'ਜਪੁ' ਦੀ ਬਾਣੀ ਸਾਰੀਆਂ ਬਾਣੀਆਂ ਦਾ ਸਾਰ ਹੈ। ਉਸ ਵਿਚ ਪ੍ਰਮਾਤਮਾ ਦਾ ਸਰੂਪ ਹੀ ਸੱਚ ਦਸਿਆ ਹੈ—

ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥

ਸਤਿ ਅਤੇ ਪ੍ਰਮਾਤਮਾ ਵਿਚ ਕੋਈ ਫ਼ਰਕ ਨਹੀਂ। ਬਾਕੀ ਸਭ ਝੂਠ ਹੈ। ਸੋ ਸੱਚ ਨੂੰ ਜੀਵਨ ਅੰਦਰ ਗ੍ਰਹਿਣ ਕਰਨਾ ਸਭ ਤੋਂ ਉਤਮ ਲਾਭ ਹੈ, ਕਿਉਂਕਿ ਮਾਲਕ ਆਪ ਸੱਚ ਹੈ ਤੇ ਉਸ ਨੂੰ ਸੱਚ ਹੀ ਚੰਗਾ ਲਗਦਾ ਹੈ। ਜਿਹੜਾ ਆਦਮੀ ਸੱਚ ਬੋਲਦਾ ਹੈ, ਉਸ ਦਾ ਸਾਰਾ ਕਾਰੋਬਾਰ ਸੱਚਾ ਹੋ ਜਾਂਦਾ ਹੈ। ਆਮ ਕਹਾਵਤ ਹੈ ਕਿ ਝੂਠੇ ਦੇ ਪੈਰ ਨਹੀਂ ਹੁੰਦੇ; ਸੱਚਾ ਆਦਮੀ ਸਾਬਤ-ਕਦਮ ਅਟੱਲ ਤੇ ਬੇਖ਼ੌਫ਼ ਹੁੰਦਾ ਹੈ। ਉਹ ਮੌਤ ਤੋਂ ਨਹੀਂ ਡਰਦਾ। ਝੂਠਾ ਬੰਦਾ ਕਾਇਰ ਤੇ ਨਿਕੰਮਾ ਹੁੰਦਾ ਹੈ।

**ਮਿੱਠੀ ਬੋਲੀ**—ਮਿੱਠੀ ਬੋਲੀ ਇਕ ਏਡਾ ਵਡਾ ਤੁਹਫ਼ਾ ਹੈ ਕਿ ਇਸ ਨਾਲ ਤੁਸੀਂ ਪੱਥਰ-ਦਿਲ ਨੂੰ ਵੀ ਮੋਮ ਕਰ ਸਕਦੇ ਹੋ। ਇਹ ਵਡਿਆਂ ਵਡਿਆਂ ਦੇ ਸਿਰ ਨਿਵਾ ਦੇਂਦੀ ਹੈ। ਖ਼ੁਸ਼-ਖ਼ੁਲਕ ਇਨਸਾਨ ਹੀ ਅਸਲੀ ਇਨਸਾਨ ਹੈ। ਜਿਸਮ ਦੀ ਖ਼ੂਬਸੂਰਤੀ ਕੋਈ ਮਤਲਬ ਨਹੀਂ ਰਖਦੀ, ਜੇ ਉਸ ਇਨਸਾਨ ਦੀ ਬੋਲੀ ਖਰ੍ਹਵੀ ਜਾਂ ਕੌੜੀ ਹੈ। ਮਿਠੇ ਬੋਲਣ ਨਾਲ ਕਿਸੇ ਦਾ ਦਿਲ ਨਹੀਂ ਦੁਖਦਾ, ਤੇ ਇਹ ਧਰਮ ਦਾ ਸਭ ਤੋਂ ਵਡਾ ਅਸੂਲ ਹੈ। ਤੁਹਾਡੇ ਪਾਲਤੂ ਜਾਨਵਰ ਵੀ ਮਿੱਠੀ ਬੋਲੀ ਪਸੰਦ ਕਰਦੇ ਹਨ। ਮਿੱਠਾ ਬੋਲਣ ਵਾਲਾ ਕਿਸੇ ਦੇ ਔਗੁਣ ਨਹੀਂ ਢੂੰਡਦਾ, ਸਿਰਫ਼ ਸਿਫ਼ਤਾਂ ਹੀ ਲਭਦਾ ਹੈ। ਤਲਵਾਰ ਦਾ ਜ਼ਖ਼ਮ ਸਮੇਂ ਨਾਲ ਮਿਲ ਜਾਂਦਾ ਹੈ, ਪਰ ਜ਼ਬਾਨ ਦਾ ਘਾਉ ਜਿਉਂ ਜਿਉਂ ਯਾਦ ਕਰੋ, ਤਾਜ਼ਾ ਹੁੰਦਾ ਹੈ। ਇਸ ਲਈ ਬੋਲਣ ਤੋਂ ਪਹਿਲਾਂ ਆਪਣੇ ਲਫ਼ਜ਼ਾਂ ਨੂੰ ਤੋਲੋ, ਤੇ



www.AKJ.Org

ਕੌੜੇ ਬੋਲ ਕਦੇ ਨਾ ਬੋਲੋ—

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥ ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥
ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ॥ ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥੧॥੨੦॥(੪੭੩)

**ਦਾਨ**—ਗੁਰੂ ਨਾਨਕ ਦੇਵ ਜੀ ਨੇ ਵੰਡ ਛਕਣ ਤੇ ਬਹੁਤ ਜ਼ੋਰ ਦਿਤਾ—

ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥੧॥੨੨॥ (੧੨੪੫)

ਇਸ ਲਈ ਦੁਖੀਆਂ, ਦੀਨਾਂ ਤੇ ਅਨਾਥਾਂ ਦੀ ਸਾਰ ਲੈਣੀ, ਤੇ ਆਪਣੀ ਕਮਾਈ ਵਿਚੋਂ ਜ਼ਿਆਦਾ ਤੋਂ ਜ਼ਿਆਦਾ ਦਸਵੰਧ ਕਢ ਕੇ ਲੋੜਵੰਦਾਂ, ਗ਼ਰੀਬਾਂ ਨੂੰ ਦੇਣ ਤੇ ਉਨ੍ਹਾਂ ਦੇ ਭਲੇ ਲਈ ਖ਼ਰਚ ਕਰਨ ਨੂੰ ਦਾਨ ਆਖਦੇ ਹਨ।

**ਪਵਿਤ੍ਰਤਾ**—ਪਵਿਤ੍ਰਤਾ ਤੇ ਸਫ਼ਾਈ ਦਾ ਹੋਣਾ ਜ਼ਰੂਰੀ ਹੈ। ਇਹ ਦੋ ਤਰ੍ਹਾਂ ਦੀ ਹੈ, ਇਕ ਬਾਹਰਲੀ ਤੇ ਇਕ ਅੰਦਰਲੀ। ਜਿਸਮ, ਵਸਤਰ ਤੇ ਘਰ ਆਦਿਕ ਦੀ ਸਫ਼ਾਈ ਬਾਹਰਲੀ ਪਵਿਤ੍ਰਤਾ ਹੈ, ਮਨ ਤੇ ਸਾਰੀਆਂ ਇੰਦਰੀਆਂ ਨੂੰ ਕਾਬੂ ਤੇ ਸਾਫ਼ ਰਖਣਾ ਅੰਦਰ ਹੀ ਪਵਿਤ੍ਰਤਾ ਹੈ। ਹੱਥਾਂ, ਪੈਰਾਂ, ਜਿਸਮ ਦੀ ਸਫ਼ਾਈ ਅੰਦਰਲੀ ਸਫ਼ਾਈ ਦੇ ਜ਼ਰੂਰੀ ਅੰਗ ਹਨ। ਮਾਲਕ ਦਾ ਭਜਨ ਕਰਨ ਲਈ ਹਲਾਲ ਦੀ ਕਮਾਈ ਜ਼ਰੂਰੀ ਹੈ। ਹੱਕ ਦੀ ਕਮਾਈ ਅੰਦਰ ਜਾ ਕੇ ਨੂਰ ਪੈਦਾ ਕਰਦੀ ਹੈ, ਪ੍ਰੇਮ ਵਧਦਾ ਹੈ।

ਖਾਣਾ ਸਾਦਾ ਹੋਣਾ ਚਾਹੀਦਾ ਹੈ। ਖ਼ੁਰਾਕ ਉਹ ਚੰਗੀ ਹੈ ਜਿਹੜੀ ਸਾਫ਼ ਸੁਥਰੀ ਹੋਵੇ, ਜਿਸ ਤਰ੍ਹਾਂ ਦੁੱਧ, ਸਬਜ਼ੀਆਂ, ਆਟਾ, ਦਾਲ, ਜਿਨ੍ਹਾਂ ਦੇ ਖਾਧਿਆਂ ਮਨ ਵਿਚ ਕੋਈ ਵਿਕਾਰ ਨਾ ਪੈਦਾ ਹੋਵੇ :—

ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ਰਹਾਉ॥੧॥

ਅਤੇ— ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ ॥
ਨਾਨਕ ਸਚੇ ਨਾਮ ਵਿਣੁ ਸਭੋ ਦੁਸਮਨੁ ਹੇਤੁ ॥੨॥੧੯॥ (੭੯੦)

ਖੁਰਾਕ ਅਤੇ ਸੌਣਾ ਘਟ ਹੋਣਾ ਚਾਹੀਦਾ ਹੈ। ਕੋਈ ਨਸ਼ਾ ਨਹੀਂ ਵਰਤਣਾ ਚਾਹੀਦਾ। ਜਿਹੜੇ ਦੁਨੀਆ ਵਿਚ ਵਧ ਖਾਂਦੇ ਹਨ, ਉਹ ਆਪਣੇ ਸਰੀਰ ਤੇ ਮਨ ਤੇ ਵਾਧੂ ਬੋਝ ਲੱਦਦੇ ਹਨ। ਸਾਥੋਂ ਤਾਂ ਹੈਵਾਨ ਚੰਗੇ ਹਨ, ਜੋ ਭੁਖ ਲਗਣ ਤੇ ਖਾਂਦੇ ਹਨ। ਅਸੀਂ ਤਾਂ ਸਾਰਾ ਦਿਨ ਚਰਦੇ ਰਹਿੰਦੇ ਹਨ। ਸਿਰਫ਼ ਜ਼ਬਾਨ ਦੇ ਸਵਾਦ ਲਈ, ਫਿਰ ਹਾਜ਼ਮੇ ਦੀਆਂ ਗੋਲੀਆਂ ਖਾਂਦੇ ਹਾਂ। ਦਸਮ ਪਾਤਸ਼ਾਹ ਨੇ ਫ਼ੁਰਮਾਇਆ ਹੈ—

ਅਲਪ ਅਹਾਰ ਸੁਲਪ ਸੀ ਨਿੰਦ੍ਰਾ, ਦਯਾ ਛਿਮਾ ਤਨਿ ਪ੍ਰੀਤਿ ॥੨॥੧॥ (ਸ਼ਬਦ ਹਜ਼ਾਰੇ)

**ਸ਼ੁਧ ਆਚਰਣ**—ਆਦਮੀ ਨੂੰ ਕਰਮ ਚੰਗੇ ਕਰਨੇ ਚਾਹੀਦੇ ਹਨ, ਮਨ ਨਾਲ, ਬੋਲਣ ਨਾਲ ਤੇ ਕਰਮ ਨਾਲ। ਅੱਛੇ ਆਚਰਣ ਵਾਲੇ ਮਨੁਖ ਦਾ ਮਨ ਉਤੇ ਪੂਰਾ ਕਾਬੂ ਹੁੰਦਾ ਹੈ ਤੇ ਇੰਦਰੀਆਂ ਨੂੰ ਭੋਗਾਂ ਵਲੋਂ ਰੋਕ ਕੇ ਆਪਣੇ ਅੰਦਰ ਪਰਵੇਸ਼ ਕਰਨ ਕਰ ਕੇ ਪਰਮਾਰਥ ਵਿਚ ਕਾਮਯਾਬੀ ਕਰਦਾ ਹੈ—

ਦਸ ਇੰਦ੍ਰੀ ਕਰਿ ਰਾਖੈ ਵਾਸਿ ॥ ਤਾ ਕੈ ਆਤਮੈ ਹੋਇ ਪਰਗਾਸੁ ॥੧॥ (੨੩੬)

ਧਰਮ ਦਾ ਸਭ ਤੋਂ ਵਡਾ ਅਸੂਲ ਹੈ ਕਿ ਸਭ ਲੋਕਾਂ ਨਾਲ ਇਸ ਤਰ੍ਹਾਂ ਪੇਸ਼ ਆਵੋ ਤੇ ਇਸ ਤਰ੍ਹਾਂ ਦਾ ਵਰਤਾਉ ਕਰੋ ਕਿ ਜਿਸ ਤਰ੍ਹਾਂ ਤੁਸੀਂ ਚਾਹੁੰਦੇ ਹੋ ਕਿ ਉਹ ਤੁਹਾਡੇ ਨਾਲ ਵਰਤਾਉ ਕਰਨ। ਇਸ ਨੂੰ ਧਰਮ ਦਾ ਸਭ ਤੋਂ ਵਡਾ ਅਸੂਲ ਬਣਾਓ ਤੇ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣਾਓ। ਸਭ ਤੋਂ ਵਡਾ ਆਚਰਣ ਦਾ ਅਸੂਲ ਹੈ ਕਿ ਕਾਮ-ਵਾਸ਼ਨਾ ਨੂੰ ਰੋਕੋ—

ਇੰਦ੍ਰੀ-ਜਿਤ ਪੰਚ ਦੋਖ ਤੇ ਰਹਤ ॥੧॥੯॥ (੨੭੪)

ਇਸਤ੍ਰੀ ਪੁਰਸ਼ ਦਾ ਸੰਬੰਧ ਵਿਸ਼ੇ ਭੋਗਣ ਦਾ ਨਾ ਹੋਵੇ, ਪਰ ਸੰਤਾਨ ਨੂੰ ਪੈਦਾ ਕਰਨਾ ਹੋਵੇ। ਇਹ ਬਹੁਤ ਮੁਸ਼ਕਲ ਹੈ, ਪਰ ਗਿਆਨ, ਸਿਮਰਨ ਤੇ ਭਗਤੀ ਨਾਲ ਇਹ ਸਾਰੇ ਕਾਬੂ ਆ ਜਾਂਦੇ ਹਨ।



www.AKJ.Org

**ਨਿੰਮ੍ਰਤਾ**–ਸਾਰੇ ਅਵਤਾਰਾਂ ਦੇ ਜੀਵਨ ਤੋਂ ਜੋ ਸਭ ਤੋਂ ਵਡੀ ਸਿਖਿਆ ਮਿਲਦੀ ਹੈ, ਉਹ ਹੈ ਨਿੰਮ੍ਰਤਾ। ਆਦਮੀ ਸੁਹੱਪਣ, ਜਾਇਦਾਦ, ਪੈਸੇ, ਰਾਜ, ਜਾਤ, ਔਲਾਦ ਆਦਿ ਕਿਸੇ ਨਾ ਕਿਸੇ ਮਾਣ ਵਿਚ ਫਸਿਆ ਹੋਇਆ ਹੈ, ਪਰ ਸਾਰੀਆਂ ਦਾਤਾਂ ਰੱਬ ਦੀਆਂ ਦਿਤੀਆਂ ਹਨ ਤੇ ਸਾਨੂੰ ਉਸ ਦਾ ਹੀ ਸ਼ੁਕਰ ਕਰਨਾ ਚਾਹੀਦਾ ਹੈ। ਆਪਣੇ ਆਪ ਨੂੰ ਨੀਵਾਂ ਸਮਝੋ ਤੇ ਹੋਰ ਸਾਰਿਆਂ ਨੂੰ ਉਚਾ–

ਕਬੀਰ ਸਭ ਤੇ ਹਮ ਬੁਰੇ, ਹਮ ਤਜਿ ਭਲੋ ਸਭੁ ਕੋਇ ॥
ਜਿਨਿ ਐਸਾ ਕਰਿ ਬੂਝਿਆ, ਮੀਤੁ ਹਮਾਰਾ ਸੋਇ ॥

ਬਾਹਰਲੀ ਨਿੰਮ੍ਰਤਾ ਪਖੰਡ ਹੈ। ਅੱਜ ਕਲ੍ਹ ਰਿਵਾਜ ਬਣ ਗਿਆ ਹੈ ਕਿ ਜਿਤਨਾ ਵਡਾ ਕੋਈ ਠੱਗ ਹੁੰਦਾ ਹੈ, ਉਹ ਬਾਹਰੋਂ ਅੱਖੀਆਂ ਨੀਵੀਆਂ ਕਰ ਕੇ ਗਰਦਨ ਝੁਕਾ ਕੇ ਗੱਲਾਂ ਕਰਦਾ ਹੈ ਕਿ ਲੋਕਾਂ ਨੂੰ ਉਹ ਸਾਧੂ ਸੁਭਾ ਲਗੇ। ਨਿੰਮ੍ਰਤਾ ਵਾਲੇ ਇਨਸਾਨ ਨੂੰ ਅੱਖੀਆਂ ਨੀਵੀਆਂ ਤੇ ਗਰਦਨ ਨੀਵੀਂ ਕਰਨ ਦੀ ਲੋੜ ਨਹੀਂ। ਇਹ ਲੋਕਾਂ ਨੇ ਦੇਖਣਾ ਹੈ ਕਿ ਤੁਹਾਡੀ ਨਿੰਮ੍ਰਤਾ ਸੱਚੀ ਹੈ, ਜਾਂ ਸਿਰਫ਼ ਦਿਖਾਵੇ ਦੀ। ਪਰ ਨਿੰਮ੍ਰਤਾ ਇਕ ਮਹਾਨ ਗੁਣ ਹੈ– ਆਪਸ ਕਉ ਜੋ ਜਾਣੈ ਨੀਚਾ ॥ ਸੋਊ ਗਨੀਐ ਸਭ ਤੇ ਊਚਾ ॥੬॥੩॥ (੨੬੬)

ਗ਼ਰੀਬੀ ਦਾ ਇਹ ਮਤਲਬ ਨਹੀਂ ਕਿ ਪਾਟੇ ਹੋਏ ਕਪੜੇ ਪਾ ਲਵੋ ਤੇ ਫ਼ਕੀਰ ਲਗੋ। ਅਸਲੀ ਗ਼ਰੀਬੀ ਮਨ ਦੀ ਹੈ, ਜਿਹੜੀ ਰੱਬ ਦੀ ਸਭ ਤੋਂ ਵਡੀ ਦਾਤ ਹੈ–

ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ ॥ ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ ॥੧॥੧੨॥ (੨੭੮)

ਇਨਸਾਨ ਦਾ ਸਭ ਤੋਂ ਵਡਾ ਧਰਮ ਇਨਸਾਨੀਅਤ ਦੇ ਗੁਣ ਗ੍ਰਹਿਣ ਕਰਨਾ ਹੈ। ਨਹੀਂ ਤਾਂ ਅਸੀਂ ਹੈਵਾਨਾਂ ਦੇ ਬਰਾਬਰ ਹੀ ਹਾਂ, ਤੇ ਇਸ ਜਨਮ-ਮਰਨ ਦੇ ਚੱਕਰ ਵਿਚ ਹੀ ਰਹਾਂਗੇ–

ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ ॥
ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ ॥੧॥੧੨॥ (੨੭੮)

# ਤਮਾਕੂ ਤੇ ਪਾਬੰਦੀ

ਗੁਜਰਾਤ ਸਰਕਾਰ ਨੇ ਸੂਬੇ ਦੀਆਂ ਹਸਪਤਾਲਾਂ, ਡਿਸਪੈਂਸਰੀਆਂ ਤੇ ਹੈਲਥ-ਸੈਂਟਰਾਂ ਅਤੇ ਮੈਡੀਕਲ ਕਾਲਜਾਂ ਵਿਚ ਤੰਬਾਕੂ-ਨੋਸ਼ੀ, ਪਾਨ ਚਬਾਉਣ ਤੇ ਸਿਗਰਟ ਪੀਣ ਤੇ ਪਾਬੰਦੀ ਲਗਾ ਦਿਤੀ ਹੈ। ਪੰਜਾਬ 'ਚ ਵੀ ਸਰਕਾਰਾਂ ਨੇ ਇਹ ਐਲਾਨ ਕੀਤੇ ਸਨ, ਪਰ ਪਾਪੂਲਰ ਸਰਕਾਰਾਂ ਦੇ ਖ਼ਤਮ ਹੋਣ ਤੇ ਅਫ਼ਸਰਸ਼ਾਹੀ ਤੇ ਕਲਰਕ-ਸ਼ਾਹੀ ਦਾ ਦੌਰ-ਦੌਰਾ ਹੁੰਦਾ ਹੈ, ਇਸ ਲਈ ਪਹਿਲੇ ਹੁਕਮਾਂ ਦੀ ਉਲੰਘਣਾ ਕਰਨ ਵਿਚ ਗੌਰਵ ਸਮਝਿਆ ਜਾਂਦਾ ਹੈ। ਅੱਜ ਕਿਸੇ ਦਫ਼ਤਰ ਜਾਂ ਪਬਲਿਕ ਥਾਂ ਤੇ ਜਾਉ, ਸਿਗਰਟ ਬੀੜੀ ਦਾ ਧੂੰਆਂ ਤੇ ਪਾਨ ਦੀਆਂ ਥੁੱਕਾਂ ਆਮ ਹੋਣਗੀਆਂ। ਕਿਸੇ ਨੂੰ ਇਹ ਪ੍ਰਵਾਹ ਨਹੀਂ ਕਿ ਸਿਗਰਟ ਦਾ ਧੂੰਆਂ ਤੇ ਪਾਨ ਦੀਆਂ ਥੁੱਕਾਂ ਕੈਂਸਰ ਵਰਗੀ ਮਹਾਂਮਾਰੀ ਨੂੰ ਬੜ੍ਹਾਵਾ ਦਿੰਦੀਆਂ ਹਨ। ਗੰਗਾ ਨੂੰ ਸ਼ੁਧ ਅਤੇ ਦੂਸ਼ਤ ਰਹਿਤ ਕਰਨ ਲਈ ਸਰਕਾਰ ਕਰੋੜਾਂ ਰੁਪਏ ਖ਼ਰਚ ਕਰ ਰਹੀ ਹੈ, ਪਰ ਸਿਗਰਟ ਪੀਣ ਤੇ ਪਾਨ ਚਬਾਣ ਵਾਲਿਆਂ ਤੋਂ ਵਾਤਾਵਰਨ ਨੂੰ ਸਾਫ਼ ਰਖਣ ਲਈ ਕੇਵਲ ਸਰਕਾਰੀ ਹੁਕਮਾਂ ਨੂੰ ਸਖਤੀ ਨਾਲ ਲਾਗੂ ਕਰਨ ਦੀ ਜ਼ਰੂਰਤ ਹੈ। ਘਰ ਵਿਚ ਜਾਂ ਕਿਸੇ ਨਿਸਚਿਤ ਥਾਂ ਤੇ ਕੋਈ ਸਿਗਰਟ ਪੀਏ ਜਾਂ ਪਾਨ ਚਬਾਏ; ਪਰ ਕਿਸ ਨੂੰ ਇਹ ਇਜਾਜ਼ਤ ਨਹੀਂ ਹੋਣੀ ਚਾਹੀਦੀ ਕਿ ਉਹ ਇਕ ਸਿਗਰਟ ਜਾਂ ਬੀੜੀ ਸੁਲਗਾ ਕੇ ਸਾਰੀ ਸੜਕ ਦਾ, ਪਲੇਟ ਫ਼ਾਰਮ ਦਾ ਜਾਂ ਕਿਸੇ ਪਾਰਕ ਦਾ ਵਾਤਾਵਰਨ ਦੂਸ਼ਤ ਕਰਦਾ ਫਿਰੇ। ਸਮਾਜਕ ਸੰਸਥਾਵਾਂ ਨੂੰ ਇਨ੍ਹਾਂ ਭੈੜੀਆਂ ਵਾਦੀਆਂ ਵਿਰੁਧ ਜ਼ੋਰਦਾਰ ਪ੍ਰਚਾਰ-ਮੁਹਿੰਮ ਚਲਾਣੀ ਚਾਹੀਦੀ ਹੈ। ਭਾਰਤ ਵਰਗੇ ਭਰਮੀ ਦੇਸ਼ ਚੋਂ ਇਹ ਲਾਹਨਤ ਖ਼ਤਮ ਹੋਣੀ ਚਾਹੀਦੀ ਹੈ।

'ਸਿਮਰਨ' ਜਲੰਧਰ, ੧੭-੮-੮੭



www.AKJ.Org

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਰੈਣ ਸਬਾਈ ਕੀਰਤਨ

ਭਾਈ ਦੀਦਾਰ ਸਿੰਘ ਜੀ ਜਥੇਦਾਰ ਹਡਰਸਫ਼ੀਲਡ ਤੋਂ ਸੂਚਨਾ ਦੇਂਦੇ ਹਨ—

(1) 17 ਅਕਤੂਬਰ ਸ਼ਨੀਵਾਰ ਰਾਤ ਨੂੰ ਗੁ: ਸ੍ਰੀ ਗੁਰੂ ਸਿੰਘ ਸਭਾ, ਰੈਡਕਲਿਫ਼ ਰੋਡ, ਹਿਚਨ (Hitchin) ਕੋਲਚੈਸਟਰ ਯੂ.ਕੇ. ਵਧੇਰੇ ਜਾਣਕਾਰੀ ਲਈ ਜਥੇਦਾਰ ਫੋਨ 0484-545165. ਗੁਰਦਵਾਰਾ ਫੋਨ 0462-32993

(2) 21 ਨਵੰਬਰ ਸ਼ਨੀਵਾਰ ਰਾਤ ਨੂੰ ਗੁਰਦਵਾਰਾ ਸਿਖ ਟੈਂਪਲ, 281 ਏ, ਚਪੇਲ ਟਾਊਨ ਰੋਡ,ਲੀਡਜ਼ 7,Yorks,U.K.ਵਿਖੇ ਵਧੇਰੇ ਜਾਣਕਾਰੀ ਲਈ ਸ: ਸਰੂਪ ਸਿੰਘ ਫੋਨ 0532-624310, ਗੁਰਦਵਾਰਾ ਫੋਨ 0532-629073

ਇੰਗਲੈਂਡ ਦੇ ਲਾਈਫ ਮੈਂਬਰਾਂ ਦੇ ਬਕਾਏ ਅਤੇ ਚੰਦੇ ਯੂ. ਕੇ. ਵਿਚ ਹੀ ਜਮ੍ਹਾ ਕਰਾਓ ਜੀ

S. Gurnam Singh, 10-Lamborne Gardens, Early, Reading, Berks (U.K.)

## ਅਖੰਡ ਕੀਰਤਨੀ ਜਥਾ (ਚਲਦਾ ਵਹੀਰ) ਵਲੋਂ ਥਾਈਲੈਂਡ, ਹਾਂਗ ਕਾਂਗ, ਫ਼ਿਲਪਾਈਨ ਪ੍ਰਚਾਰ-ਯਾਤਰਾ

ਸਤਿਗੁਰਾਂ ਦੀ ਰਹਿਮਤ ਸਦਕਾ ਅਖੰਡ ਕੀਰਤਨੀ ਜਥਾ (ਚਲਦਾ ਵਹੀਰ ਇੰਟਰਨੈਸ਼ਨਲ) ਦਾ ਅਗਲਾ ਪ੍ਰੋਗਰਾਮ ਪੂਰਬੀ ਏਸ਼ੀਆ ਵਿਚ ਹੇਠ ਲਿਖੇ ਅਨੁਸਾਰ ਹੋਵੇਗਾ—

(1) 22 ਸਤੰਬਰ ਤੋਂ 7 ਅਕਤੂਬਰ ਬੈਂਕੋਕ(ਥਾਈਲੈਂਡ)ਵਿਖੇ,ਪੁਛ ਗਿੱਛ : ਸ੍ਰੀ ਗੁਰੂ ਸਿੰਘ ਸਭਾ,565 ਚਕਰਾਫੇਟ ਰੋਡ,ਬੈਂਕੋਕ ਫੋਨ 2211011 ਜਾਂ 2212838

(2) 7 ਤੋਂ 21 ਅਕਤੂਬਰ ਹਾਂਗਕਾਂਗ ਵਿਖੇ, ਪੁਛ ਗਿਛ : ਖਾਲਸਾ ਦੀਵਾਨ ਗੁਰਦੁਆਰਾ, 371-ਕਿੰਗ ਰੋਡ ਈਸਟ, ਵਾਹਚੀ (Wahci) ਹਾਂਗਕਾਂਗ, ਫੋਨ ਗੁਰਦੁਆਰਾ 03-724459 ਜਾਂ ਭਾਈ ਚਰਨ ਸਿੰਘ 03-7437554

(3) 21 ਅਕਤੂਬਰ ਤੋਂ 2 ਨਵੰਬਰ ਮਨੀਲਾ (ਫ਼ਿਲਪਾਈਨ) ਵਿਖੇ, ਪੁਛ ਗਿਛ : ਖਾਲਸਾ ਦੀਵਾਨ ਗੁਰਦੁਆਰਾ U.N. Ave Paco, Manila (Philippines) 1350

## ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਇਸ ਮਹੀਨੇ ਗੁਰਸਿਖ ਪੀੜਤ ਪਰਵਾਰਾਂ ਲਈ ਸਿਖ ਸੰਗਤਾਂ ਵਲੋਂ ਹੇਠ ਲਿਖੀ ਮਾਇਆ ਪੁਜੀ ਹੈ—

| | | | |
|---|---|---|---|
| ਸ: ਹਰਬੰਸ ਸਿੰਘ ਰੇਖੀ ਨਵੀਂ ਦਿਲੀ(ਚੜ੍ਹਾਵਾ) | ੧੩੫੧-੦੦ | ਭਾਈ ਹਜ਼ੂਰਾ ਸਿੰਘ, ਸ੍ਰੀ ਅੰਮ੍ਰਿਤਸਰ | ੫੦੮-੦੦ |
| ਸ: ਅਵਤਾਰ ਸਿੰਘ ਡਰਾਫ਼ਟਸਮੈਨ ਫਰੱਕਾ ਬੈਰਿਜ | ੪੪੯-੦੦ | ਸ: ਮਨਜੀਤ ਸਿੰਘ, ਵਿਨਸਨ ਗਰੀਨ ਯੂ.ਕੇ. | ੧੧੭੪-੮੦ |
| ਬੀ:ਭਰਤ ਕੌਰ ਅਮਰ ਕੌਰC/Oਸ:ਅਜੀਤ ਸਿੰਘ ਡਰਬੀ | ੫੨੩-੭੫ | ਸ: ਹਰਿੰਦਰਪਾਲ ਸਿੰਘ, ਦਿੱਲੀ | ੨੦੦-੦੦ |
| ਗੁਪਤ ਡਰਬੀ ਯ.ਕੇ. | ੪੧੯-੦੦ | ਸ:ਦਵਿੰਦਰਸਿੰਘਅਜੀਤ ਨਗਰ,(ਚੜ੍ਹਾਵਾ)ਅੰਮ੍ਰਿਤਸਰ | ੧੩੧-੦੦ |
| ਸ: ਜੋਗਿੰਦਰ ਸਿੰਘ ਜੌਹਲ ਡਰਬੀ ਯੂ. ਕੇ. | ੨੦੯-੫੦ | ਸੰਗਤ ਚੰਡੀਗੜ੍ਹ (ਗੁਰੂ ਕੀ ਗੋਲਕ) | ੪੦੦-੦੦ |
| ਸ: ਜਰਨੈਲ ਸਿੰਘ ,, ,, | ੨੩੦-੪੫ | ਸ: ਮਨਜੀਤ ਸਿੰਘ ਜਮਾਲਪੁਰ (ਲੁਧਿਆਣਾ) | ੫੧-੦੦ |
| ਸ: ਨਾਰੰਗ ਸਿੰਘ ,, ,, | ੨੩੦-੪੫ | ਬੀ: ਰਿਪੁਦਮਨ ਕੌਰ ਔਲਖ, ਚੰਡੀਗੜ੍ਹ (ਪੋਤਰੇ ਦੇ ਜਨਮ ਦੀ ਖੁਸ਼ੀ ਵਿਚ) | ੧੦੦-੦੦ |
| ਸ: ਮੋਹਣ ਸਿੰਘ ਅਟਵਾਲ ,, ,, | ੩੭੭-੧੦ | | |
| ਸ: ਗੁਰਦਿਆਲ ਸਿੰਘ ਕੰਗ ,, ,, | ੧੦੪-੭੫ | ਸ: ਪ੍ਰਦੁਮਨ ਸਿੰਘ, ਸੋਡਲ ਰੋਡ, ਜਲੰਧਰ | ੧੦੦-੦੦ |
| ਸ: ਪ੍ਰਦੁਮਨ ਸਿੰਘ, ੨੯-ਸ਼ਿਵ ਪਾਰਕ, ਜਲੰਧਰ | ੧੦੦-੦੦ | ਬੀ: ਪ੍ਰੀਤਮ ਕੌਰ, ਵੋਲਵਰਹੈਂਪਟਨ ਯੂ.ਕੇ. | ੨੦੨-੧੫ |

## ਗੁਰਸਿਖ ਪੀੜਤ ਪਰਵਾਰਾਂ ਨੂੰ ਦਿਤੀ ਗਈ ਸਹਾਇਤਾ

ਬੀਬੀ ਜਸਵੰਤ ਕੌਰ ਸੁਪਤਨੀ ਸ: ਜੋਗਿੰਦਰ ਸਿੰਘ ਅਖਾੜਾ ਨੂੰ ਮਾਸਕ ਸਹਾਇਤਾ ੩੦੦-੦੦

ਬੀਬੀ ਸਵਰਨ ਕੌਰ ਸੁਪਤਨੀ ਸ: ਰਵੇਲ ਸਿੰਘ(ਜੋਧਪੁਰ ਜੇਲ੍ਹ)ਪਿੰਡ ਪਖੋਕੇ ਨੇੜੇ ਜੰਡਿਆਲਾ ਗੁਰੂ(ਅੰਮ੍ਰਿਤਸਰ)੧੦੦੭੮-੦੦

ਬੀਬੀ ਸੁਖਵਿੰਦਰ ਕੌਰ ਸੁਪਤਨੀ ਸ: ਲਖਬੀਰ ਸਿੰਘ, ਪਿੰਡ ਦਾਨਿਆਲ, ਵਡਾਲਾ ਕਲਾਂ(ਵਕੀਲ ਆਦਿ ਲਈ) ੬੦੦੦-੦੦

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫਤਰ ਸ੍ਰੀ ਅੰਮ੍ਰਿਤਸਰ

## ਪਿੰਡ ਜ਼ਰਾ ਕੋਠੀ (ਪੀਲੀਭੀਤ) ਸੈਂਟਰਲ ਗੁਰਦੁਆਰਾ ਵਿਖੇ ਰੈਣ ਸਬਾਈ ਕੀਰਤਨ

ਨੌਜਵਾਨ ਅਖੰਡ ਕੀਰਤਨੀ ਜਥਾ ਬਰੇਲੀ ਵਲੋਂ ਸ੍ਰੀ ਗੁਰੂ ਰਾਮਦਾਸ ਜੀ ਦੇ ਪਾਵਨ-ਪ੍ਰਕਾਸ਼ ਉਤਸਵ ਦੇ ਸੰਬੰਧ ਵਿਚ ੧੦ ਅਕਤੂਬਰ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਵਿਚ ਆਇ ਜੁੜੋ ਜੀ । ਨੋਟ—ਜ਼ਰਾ ਕੋਠੀ ਲਈ ਪੀਲੀਭੀਤ ਅਤੇ ਪੂਰਨਪੁਰ ਤੋਂ ਹਰ ਵੇਲੇ ਬਸਾਂ ਮਿਲਦੀਆਂ ਹਨ । ਬਰੇਲੀ ਤੋਂ ਜਥੇ ਦੀ ਬਸ ੫ ਵਜੇ ਚਲੇਗੀ ।

www.AKJ.Org

# ਜਲੰਧਰ ਵਿਖੇ ਸਾਲਾਨਾ ਨਿਰੰਕਾਰੀ ਗੁਰਪੁਰਬ ਸਮੇਂ ਅਖੰਡ ਕੀਰਤਨ

## ਸਮਾਗਮ ੩ ਨਵੰਬਰ ਮੰਗਲਵਾਰ ਸਵੇਰ ਤੋਂ ੬ ਨਵੰਬਰ ੧੯੮੭ ਸ਼ੁਕਰਵਾਰ ਸਵੇਰ ਤਕ ਹੋਣਗੇ

ਹਰ ਸਾਲ ਵਾਂਗ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼-ਉਤਸ਼ਵ ਦੇ ਸੰਬੰਧ ਵਿਚ ਅਖੰਡ ਕੀਰਤਨੀ ਜਥਿਆਂ ਵਲੋਂ ਜਲੰਧਰ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਸਮਾਗਮ ਹੋ ਰਹੇ ਹਨ। ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ।

੩-੧੧-੮੭ ਸਵੇਰੇ ੩ ਤੋਂ ੫ ਕੀਰਤਨ ਆਸਾ ਦੀ ਵਾਰ ਉਪ੍ਰੰਤ ਸ੍ਰੀ ਅਖੰਡਪਾਠ ਅਰੰਭ ਲਾਇਲਪੁਰ ਖਾ: ਹਾ: ਸੈ: ਸਕੂਲ

ਸ਼ਾਮ ੬-੩੦ ਤੋਂ ੯ ਸੋਦਰ ਉਪ੍ਰੰਤ ਅਖੰਡ ਕੀਰਤਨ ਗੁ: ਸ੍ਰੀ ਗੁਰੂ ਸਿੰਘ ਸਭਾ ਮਹੱਲਾ ਮਖ਼ਦੂਮਪੁਰ, ਨਕੋਦਰ ਰੋਡ

੪-੧੧-੮੭ ਸਵੇਰੇ ੫ ਤੋਂ ੧੧ ਕੀਰਤਨ ਆਸਾ ਦੀ ਵਾਰ ਗੁ: ਸ੍ਰੀ ਗੁਰੂ ਸਿੰਘ ਸਭਾ ਅਜੀਤ ਨਗਰ, ਅੰਬੇਦਰਕਰ ਚੌਕ ,,

ਸ਼ਾਮ ੬-੩੦ ਤੋਂ ੯ ਸੋਦਰ ਉਪ੍ਰੰਤ ਅਖੰਡ ਕੀਰਤਨ ਲਾਇਲਪੁਰ ਖਾ: ਹਾ: ਸੈ: ਸਕੂਲ

੫-੧੧-੮੭ ਸਵੇਰੇ ੫ ਵਜੇ ਭੋਗ ਸ੍ਰੀ ਅਖੰਡ ਪਾਠ, ਉਪ੍ਰੰਤ ਕੀਰਤਨ ਦੁਪਹਿਰ ਤਕ, ਸ਼ਾਮ ੫ ਵਜੇ ਅੰਮ੍ਰਿਤ-ਸਿੰਚਾਰ ਸਮਾਗਮ, ਰਾਤ ੭ ਵਜੇ ਰੈਣ ਸਬਾਈ ਕੀਰਤਨ ਅਰੰਭ। ੬ ਨਵੰਬਰ ਸਵੇਰੇ ੬ ਵਜੇ ਸਮਾਪਤੀ ਲਾਇਲਪੁਰ ਖਾ: ਸਕੂਲ ਵਿਖੇ।

ਨੋਟ—ਰਿਹਾਇਸ਼ ਤੇ ਲੰਗਰ ਖਾਲਸਾ ਹਾਇਰ ਸੈਕੰਡਰੀ ਸਕੂਲ, ਨਕੋਦਰ ਰੋਡ ਵਿਖੇ, ਬਿਸਤਰੇ ਲੋੜ ਮੁਜਬ ਨਾਲ ਲਿਆਓ ਜੀ

ਦਾਸਰੇ—ਅਖੰਡ ਕੀਰਤਨੀ ਜਥਾ, ਜਲੰਧਰ

## ਰਾਜਿਸਥਾਨ ਦੀ ਗੁਲਾਬੀ ਨਗਰੀ ਜੈਪੁਰ ਵਿਖੇ ਅਖੰਡ ਕੀਰਤਨ ਸਮਾਗਮ

੨੩ ਅਕਤੂਬਰ ੮੭ ਸਵੇਰੇ ੬ ਤੋਂ ੧੨ ਗੁਰਦਵਾਰਾ ਸਿਖ ਸੰਗਤ ਸਿੰਧੀ ਕਾਲੋਨੀ, ਸ਼ਾਮ ੭ ਤੋਂ ੯ ਗੁਰਦਵਾਰਾ ਸਾਹਿਬ ਜਵਾਹਰ ਨਗਰ। ੨੪ ਅਕਤੂਬਰ ੬ ਤੋਂ ੧੨ ਗੁਰਦਵਾਰਾ ਸਾਹਿਬ ਰਾਜਾ ਪਾਰਕ, ਰਾਤ ੮ ਵਜੇ ਰੈਣ ਸਬਾਈ ਕੀਰਤਨ ਅਰੰਭ, ਸ਼ਾਮ ੫ ਵਜੇ ਅੰਮ੍ਰਿਤ-ਸਿੰਚਾਰ ਸਮਾਗਮ, ਰਿਹਾਇਸ਼-ਪ੍ਰਬੰਧ ਗੁ: ਸਿਖ ਸੰਗਤ ਸਿੰਧੀ ਕਾਲੋਨੀ ਵਿਖੇ।

ਪੁਛ ਗਿਛ ਫੋਨ ਗੁਰਦਵਾਰਾ ੪੯੯੪੮ ਦਾਸਰੇ—ਅਖੰਡ ਕੀਰਤਨੀ ਜਥਾ, ਜੈਪੁਰ

## ਕਾਨਪੁਰ ਵਿਖੇ ੧੯੮੪ ਦੇ ਸ਼ਹੀਦ ਗੁਰਚਰਨ ਸਿੰਘ ਜੀ ਨਮਿਤ ਸ੍ਰੀ ਅਖੰਡਪਾਠ ਤੇ ਕੀਰਤਨ

ਸ਼ਹੀਦ ਦੇ ਨਿਵਾਸ-ਅਸਥਾਨ ੨੦੧-ਸ਼ੰਕਰ ਨਗਰ (HAL ਟਾਊਨਸ਼ਿਪ ਦੇ ਸਾਹਮਣੇ) ਲਾਲ ਬੰਗਲਾ, ਕਾਨਪੁਰ ਵਿਖੇ ੧ ਨਵੰਬਰ ੮੭ ਐਤਵਾਰ ਸਵੇਰੇ ਭੋਗ ਸ੍ਰੀ ਅਖੰਡਪਾਠ ਤੋਂ ਉਪਰੰਤ ਦੁਪਹਿਰ ਤਕ ਕੀਰਤਨ ਹੋਣਗੇ।

## ਮਾਸਕ ਰੈਣ ਸਬਾਈ ਕੀਰਤਨ ਖੰਨਾ (ਲੁਧਿਆਣਾ) ਗੁ: ਸ੍ਰੀ ਗੁਰੂ ਸਿੰਘ ਸਭਾ ਵਿਖੇ

ਮਾ: ਸਤਵੰਤ ਸਿੰਘ ਸੂਚਨਾ ਦੇਂਦੇ ਹਨ ਕਿ ੨੪ ਅਕਤੂਬਰ ਸ਼ਨੀਵਾਰ ਰਾਤ ਨੂੰ ਕੀਰਤਨ ਵਿਚ ਆਇ ਜੁੜੋ ਜੀ।

## ਪਿੰਡ ਨਿਧਾਵਾਲਾ (ਮੋਗਾ) ਸਰਪੰਚ ਹਰਨੇਕ ਸਿੰਘ ਦੇ ਗ੍ਰਿਹਿ ਵਿਖੇ ਅਖੰਡ ਕੀਰਤਨ

੪ ਅਕਤੂਬਰ ਐਤਵਾਰ ਸਵੇਰੇ ੭ ਤੋਂ ੧੧ ਤਕ ਕੀਰਤਨ ਵਿਚ ਆਇ ਜੁੜੋ ਸਵੇਰੇ ੬ ਵਜੇ ਜੋਗਿੰਦਰ ਸਿੰਘ ਚੌਕ ਤੋਂ ਮੈਟਾਡੋਰ ਚਲੇਗੀ

## ਖੁੱਡਾ ਜ਼ਿਲਾ ਹੁਸ਼ਿਆਰਪੁਰ (ਜਲੰਧਰ-ਪਠਾਣਕੋਟ ਜੀ.ਟੀ. ਰੋਡ) ਭਾ: ਅਮਰੀਕ ਸਿੰਘ ਦੇ ਗ੍ਰਿਹਿ ਸਮਾਗਮ

੨੪ ਅਕਤੂਬਰ ਸ਼ਨੀਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਤੇ ਕੀਰਤਨ ਅਤੇ ਰਾਤ ਨੂੰ ਰੈਣ ਸਬਾਈ ਵਿਚ ਆਇ ਜੁੜੋ ਜੀ।

## ਸਾਹਿਬਜ਼ਾਦਾ ਜੁਝਾਰ ਸਿੰਘ ਨਗਰ ਅਰਬਨ ਅਸਟੇਟ ਲੁਧਿਆਣਾ ਵਿਖੇ ਰੈਣ ਸਬਾਈ ਕੀਰਤਨ

ਗੁ: ਸ੍ਰੀ ਗੁਰੂ ਸਿੰਘ ਸਭਾ (ਨੇੜੇ ਪਾਵਰ ਹਾਊਸ ਜਮਾਲਪੁਰ) ਵਿਖੇ ੧੭ ਅਕਤੂਬਰ ਰਾਤ ਨੂੰ ਆਇ ਜੁੜੋ ਜੀ।

## ਸ਼ਹੀਦਾਂ ਦੀ ਯਾਦ ਵਿਚ ਗੁ: ਟਾਹਲੀ ਸਾਹਿਬ (ਸੰਤੋਖਸਰ) ੨੪ ਅਕਤੂਬਰ ਰਾਤ ਰੈਣ ਸਬਾਈ ਕੀਰਤਨ

## ਦਿਆਲਪੁਰ ੧੦ ਅਕਤੂਬਰ ਰੈਣ ਸਬਾਈ ਨਹੀਂ, ੧੧ ਅਕਤੂਬਰ ਨੂੰ ਸਵੇਰੇ ਤੋਂ ਦੁਪਹਿਰ ਤਕ ਪ੍ਰੋਗਰਾਮ

## ਪਤਾ—'ਸੂਰਾ' ਮੰਥਲੀ, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ

www.AKJ.Org